ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

ਅਪ੍ਰੈਲ ੯੭ MONTHLY **SURA** LUDHIANA **APRIL 97**

ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ)



ਏਥੇ ਵੈਸਾਖੀ ਮੌਕੇ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਇਕੱਤਰ ਹੁੰਦੀਆਂ ਹਨ।

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਵੈਸਾਖੁ ਸੁਹਾਵਾ ਤਾਂ ਲਗੈ ੧
੨ ਅੰਮ੍ਰਿਤ ਸਮਾਗਮ ਰਚਣ ਦਾ ਚੋਜ ੩
੩. ਚਾਰ ਵਰਨ ਦਾ ਇਕ ਵਰਨ ਹੈ ਖਾਲਸਾ ੫
੪. ਖਾਲਸਾ ਅਕਾਲ ਪੁਰਖ ਕੀ ਫੌਜ ੮
੫. ਖਾਲਸੇ ਦੀ ਸਾਜਨਾ ੧੨
੬. ਬਾਣੀ ਗੁਰੂ ਗੁਰੂ ਹੈ ਬਾਣੀ ੧੨
੭. ਖਾਲਸੇ ਦੀ ਨਿਰਲੇਪਤਾ ਤੇ ਨਿਰਾਲੀ ਰਹਿਣੀ ੧੩
੮. ਤਾਮਸਿ ਲਗਾ ਸਦਾ ਫਿਰੈ ੧੬
੯. ਸੰਸਾਰ ਵਿਚ ਕੇਸਾਂ ਬਾਰੇ ਹੋਈ ਖੋਜ
੧੦. ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪੰਥ
੧੧. ਮਾਸਾਹਾਰ ਬਾਰੇ ਡਾਕਟਰੀ ਵੀਚਾਰ
੧੨. ਸਤਿਗੁਰ ਸੰਗਿ ਨਾਹੀ ਮਨੁ ਡੋਲੈ
੧੩. ਖਾਲਸਾ ਰਹਿਤ ਕੇਸਕੀ
੧੪. ਸੇਵਾ ਸਾਧਨਾ
੧੫. ਭੰਗਾਣੀ ਦਾ ਯੁੱਧ–੨


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਗੁਰਿਆਈ ਸ੍ਰੀ ਗੁਰੂ ਹਰਿ ਰਾਇ ਜੀ | 5 ਅਪ੍ਰੈਲ | ਜੋਤੀ ਜੋਤ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ | 20 ਅਪ੍ਰੈਲ |
| ਗੁਰਿਆਈ ਸ੍ਰੀ ਗੁਰੂ ਅਮਰਦਾਸ ਜੀ | 8 ,, | ਗੁਰਿਆਈ ਸ੍ਰੀ ਗੁਰੂ ਤੇਗ ਬਹਾਦਰ ਜੀ | 20 ,, |
| ਜੋਤੀ ਜੋਤ ਸਮੀ ਗੁਰੂ ਅੰਗਦ ਦੇਵ ਜੀ | 12 ,, | ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦਰ ਜੀ | 27 ,, |
| ਖਾਲਸੇ ਦਾ ਸਾਜਨਾ ਦਿਵਸ ਵਿਸਾਖੀ | 13 ,, | ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ | 29 ,, |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨. ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ
੮. ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੫. ਨੇੜੇ ਡੰਗਰਾਂ ' ਦਾ ਹਸਪਤਾਲ
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮'
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੬੭ ਘਰ: ੨੩੧੫੨
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋੜ।
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ. ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿ

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ


੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪–੨੬੭
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ. ਫੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ. ਫੋਨ : ੦੯੨੭੦੨੭੫੫.


## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਬੀਬੀ ਜਸਲੀਨ ਕੌਰ | ੫੦/– | ਸੁਖਦੇਵ ਸਿੰਘ ਟੀਚਰ | ੬੨/– |
| ਬੇਅੰਤ ਸਿੰਘ ਯੂ .ਕੇ | ੩੦੦੦/– | ਤਰਲੋਚਨ ਸਿੰਘ | ੫੦/– |
| ਗੁਪਤ ਯੂ .ਕੇ | ੨੧੬੬/– | ਬਲਜਿੰਦਰ ਸਿੰਘ ਟੀਚਰ | ੬੦੦/– |
| ਸੇਵਕ ਸੁਖਦੇਵ ਸਿੰਘ | ੨੦/– | ਈਸ਼ਰ ਸਿੰਘ | ੮੦੦/– |


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀ
ਜਥੇ ਵਲੋ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੯, ਪਾਹਵਾ ਰੋਡ, ਲੁਧਿਆਣ



www.AKJ.Org

ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਲਦ ੩੧
ਅਪ੍ਰੈਲ ੧੯੯੭
ਅੰਕ ੪

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

## ਨਾਨਕ ਵੈਸਾਖੀ ਪ੍ਰਭੁ ਭਾਵੈ

ਵੈਸਾਖੁ ਭਲਾ ਸਾਖਾ ਵੇਸ ਕਰੇ।।
ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ।।
ਘਰਿ ਆਉ ਪਿਆਰੇ ਦੁਤਰ ਤਾਰੇ, ਤੁਧੁ ਬਿਨੁ ਅਢੁ ਨ ਮੋਲੋ।।
ਕੀਮਤਿ ਕਉਣ ਕਰੇ ਤੁਧੁ ਭਾਵਾਂ, ਦੇਖਿ ਦਿਖਾਵੈ ਢੋਲੋ।।
ਦੂਰਿ ਨ ਜਾਨਾ ਅੰਤਰਿ ਮਾਨਾ, ਹਰਿ ਕਾ ਮਹਲੁ ਪਛਾਨਾ।।
ਨਾਨਕ ਵੈਸਾਖੀ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ।।੬।।

## ਵੈਸਾਖੁ ਸੁਹਾਵਾ ਤਾਂ ਲਗੈ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।।
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ।।
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ।।
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ।।
ਇਕਸੁ ਹਰਿ ਕੇ ਨਾਮੁ ਬਿਨੁ ਅਗੈ ਲਈਅਹਿ ਖੋਹਿ।।
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ।।
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ।।
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ।।
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ।।੩।।

(ਬਾਰਹਮਾਹਾ ਮਾਂਝ ਮਹਲਾ ੫)

**ਪਦ ਅਰਥ**– ਵੈਸਾਖਿ-ਵੈਸਾਖ ਵਿਚ। ਧੀਰਨਿ ਕਿਉ– ਕਿਵੇਂ ਧੀਰਜ ਕਰਨ ? ਵਾਢੀਆ-ਵਿਛੜੀਆਂ ਹੋਈਆਂ। ਪ੍ਰੇਮ ਬਿਛੋਹੁ-ਪ੍ਰਭੂ-ਪ੍ਰੇਮ ਦਾ ਵਿਛੋੜਾ। ਮਾਇਆ ਧੋਹੁ-ਧ੍ਰੋਹ ਰੂਪ ਮਾਇਆ। ਕਲਤ੍ਰ-ਇਸਤ੍ਰੀ, ਪਤਨੀ। ਅਵਿਨਾਸੀ–ਨਾਸ ਰਹਿਤ, ਸਦਾ ਥਿਰ। ਪਲਚਿ ਪਲਚਿ–ਫਸ ਫਸ ਕੇ, ਉਲਝ ਉਲਝ ਕੇ। ਸਗਲੀ–ਸਾਰੀ (ਸ੍ਰਿਸ਼ਟੀ, ਲੁਕਾਈ)। ਮੁਈ-ਮਰੀ ਪਈ ਹੈ, ਖੁਆਰ ਹੋਈ ਪਈ ਹੈ। ਧੰਧੈ ਮੋਹੁ-ਧੰਧੇ ਦਾ ਮੋਹ, ਕਰਮ-ਕਾਂਡਾਂ ਦੇ ਧੰਧੇ ਦਾ ਮੋਹ। ਲਈਅਹਿ ਖੋਹਿ-ਖੋਹ ਲਏ ਜਾਂਦੇ ਹਨ। ਦਯੁ-ਦਈਵ, ਵਾਹਿਗੁਰੂ। ਵਿਗੁਚਣਾ-ਖੁਆਰ ਹੋਣਾ ਹੈ। ਪ੍ਰੀਤਮ-ਪਿਆਰਾ ਵਾਹਿਗੁਰੂ। ਸੋਇ-ਸੋਭਾ, ਸ਼ੁਹਰਤ। ਪਰਾਪਤਿ ਹੋਇ-ਪ੍ਰਾਪਤੀ ਹੋਵੇ, ਰੀਝ ਪੂਰੀ ਹੋਵੇ। ਸੰਤੁ ਭੇਟੈ ਹਰਿ-ਹਰੀ ਸੰਤ ਮਿਲਦਾ ਹੈ। ਹਰਿ ਸੰਤੁ-ਹਰੀ ਜੋ ਉਤਮ ਗੁਣਾਂ ਵਾਲਾ ਹੈ।


www.AKJ.Org

# ਅਰਥ ਵਿਆਖਿਆ

**ਅਰਥ :** (ਵਿਸਾਖੀ ਦਾ ਖੇੜਾ ਸਭ ਨੂੰ ਖਿੜਾਉਂਦਾ ਹੈ, ਪਰ) ਵੈਸਾਖ ਵਿਚ ਜਿਨ੍ਹਾਂ ਜੀਵ-ਇਸਤ੍ਰੀਆਂ ਦਾ ਪ੍ਰਭੂ-ਪ੍ਰੇਮ ਤੋਂ ਵਿਛੋੜਾ ਹੋਇਆ ਹੋਇਆ ਹੈ, ਜੋ ਵਾਹਿਗੁਰੂ ਦੇ ਪ੍ਰੇਮ ਵਿਚ ਰਤੀਆਂ ਨਹੀਂ, ਉਨ੍ਹਾਂ ਦੇ ਹਿਰਦੇ ਕਿਵੇਂ ਧੀਰਜ ਕਰਨ ? ਸਜਣ ਪੁਰਖ ਵਾਹਿਗੁਰੂ ਨੂੰ ਵਿਸਾਰਨ ਕਰਕੇ ਠਗਣੀ ਮਾਇਆ ਉਨ੍ਹਾਂ ਨੂੰ ਚੰਬੜੀ ਹੋਈ ਹੈ। ਨਾ ਪੁਤਰ, ਨਾ ਪਤਨੀ ਤੇ ਨਾ ਧਨ ਪਦਾਰਥ (ਕੋਈ ਵੀ ਅਗਲੀ ਦਰਗਾਹ ਵਿਚ) ਪ੍ਰਾਣੀ ਦੇ ਸਾਥ ਨਹੀਂ ਨਿਭਣੇ, ਇਕੋ ਓਹ ਅਬਿਨਾਸ਼ੀ ਵਾਹਿਗੁਰੂ ਹੀ ਹੈ। (ਜੋ ਅੰਤ ਕਾਲ ਪ੍ਰਾਣੀ ਦੇ ਨਾਲ ਜਾਂਦਾ ਹੈ)।

(ਕਰਮ ਕਾਂਡਾਂ ਆਦਿ ਦੇ) ਝੂਠੇ ਧੰਦਿਆਂ ਦਾ ਜੋ ਮੋਹ ਹੈ, ਉਸ ਵਿਚ ਸਾਰੀ ਖ਼ਲਕਤ ਖ਼ੁਆਰ ਹੋਈ ਪਈ ਹੈ। ਇਕ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਅਗੇ (ਸਭ ਕਰਮ ਧਰਮ) ਖੋਹ ਲਏ ਜਾਂਦੇ ਹਨ।

ਵਾਹਿਗੁਰੂ ਨੂੰ ਵਿਸਾਰ ਕੇ ਖੁਆਰ ਹੋਈਦਾ ਹੈ। ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਵੀ ਸਹਾਈ ਨਹੀਂ ਹੁੰਦਾ। ਪਿਆਰੇ ਪ੍ਰੀਤਮ ਪ੍ਰਭੂ ਦੀ ਚਰਨੀ ਜਿਹੜੇ ਲਗਦੇ ਹਨ, ਉਨ੍ਹਾਂ ਦੀ ਲੋਕ ਪਰਲੋਕ ਵਿਚ ਬੜੀ ਉਤਮ ਸੋਭਾ ਹੁੰਦੀ ਹੈ।

ਹੇ ਵਾਹਿਗੁਰੂ ! ਦਾਸ ਨਾਨਕ ਦੀ ਤੇਰੇ ਪਾਸ ਬੇਨਤੀ ਹੈ ਕਿ ਹੇ ਪ੍ਰਭੂ ! ਮੈਨੂੰ ਮਿਲੋ ਜੀ, (ਤਾਕਿ ਪ੍ਰਭੂ-ਮਿਲਾਪ ਦੀ ਮੇਰੀ ਰੀਝ) ਪੂਰੀ ਹੋ ਜਾਵੇ। ਵੈਸਾਖ ਦਾ ਮਹੀਨਾ ਤਦੇ ਹੀ ਸੁਹਾਵਣਾ ਹੈ ਜੇ ਹਰੀ ਸੰਤ ਮਿਲ ਪਵੇ।

**ਵਿਆਖਿਆ :** ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੈਸਾਖ ਮਹੀਨੇ ਦੁਆਰਾ ਪ੍ਰਾਣੀ ਮਾਤਰ ਨੂੰ ਉਪਦੇਸ਼ ਦਿੰਦੇ ਹਨ ਕਿ ਜਿਹੜੀਆਂ ਜੀਵ ਇਸਤ੍ਰੀਆਂ ਵਾਹਿਗੁਰੂ ਤੋਂ ਵਿਛੜੀਆਂ ਹੋਈਆਂ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਲਈ ਪ੍ਰੇਮ ਨਹੀਂ, ਉਨ੍ਹਾਂ ਨੂੰ ਧੀਰਜ ਕਿਵੇਂ ਆ ਸਕਦਾ ਹੈ ? ਉਹ ਕਿਵੇਂ ਸੁਖੀ ਹੋ ਸਕਦੀਆਂ ਹਨ ? ਉਹ ਆਪਣਾ ਜਨਮ ਭੌਂ ਦੇ ਭਾੜੇ ਫ਼ਜ਼ੂਲ ਗਵਾਉਂਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਪਿਆਰੇ ਪ੍ਰੀਤਮ ਪ੍ਰਭੂ ਦੀ ਕੋਈ ਸਾਰ ਹੀ ਨਹੀ, ਉਨ੍ਹਾਂ ਨੂੰ ਵਾਹਿਗੁਰੂ ਦੇ ਦਰ ਤੇ ਕੋਈ ਥਾਂ ਨਹੀਂ। ਗੁਰਵਾਕ :-

(ੳ) ਸਾ ਧਨ ਦੋਈ ਨ ਲਹੈ ਵਾਦੀ ਕਿਉ ਧੀਰੇਉ ॥੧॥
ਪਿਰ ਬਿਨੁ ਜੋਬਨੁ ਬਾਦਿ ਗਇਅਮੁ
ਵਾਦੀ ਝੂਰੇ ਝੂਰੇਉ ॥੫॥੬॥ (ਪੰਨਾ ੧੦੧੪)

(ਅ) ਦੋਹਾਗਣੀ ਕਿਆ ਨੀਸਾਣੀਆ ॥
ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥
ਮੈਲੇ ਵੇਸ ਤਿਨਾ ਕਾਮਣੀ
ਦੁਖੀ ਰੈਣਿ ਵਿਹਾਇ ਜੀਉ ॥੭॥੧੦॥ (੭੨)

(ੲ) ਦੋਹਾਗਣੀ ਮਹਲੁ ਨ ਪਾਇਨੀ,
ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨਾ ਨਿਵਹਿ,
ਦੂਜਾ ਭਾਉ ਸੁਆਉ ॥ (੪੨੬)

ਵਾਹਿਗੁਰੂ ਤੋਂ ਭੁਲੇ ਪ੍ਰਾਣੀ ਹਰੀ ਸਜਣ ਮਾਲਕ ਨੂੰ ਵਿਸਾਰਨ ਕਰਕੇ, ਮਾਇਆ ਠਗਣੀ ਦੇ ਜਾਲ ਵਿਚ ਫਸ ਕੇ ਪਰਵਾਰ ਵਿਚ, ਪੁਤਰਾਂ ਤੇ ਪਤਨੀ ਦੇ ਮੋਹ ਵਿਚ ਅਤੇ ਧਨ ਇੱਕਠਾ ਕਰਨ ਵਿਚ ਭਟਕਦੇ ਫਿਰਦੇ ਹਨ, ਜਿਨ੍ਹਾਂ ਨੇ ਕਿ ਅੰਤ ਸਮੇਂ ਸਾਥ ਨਹੀਂ ਦੇਣਾ। ਸ੍ਰੀ ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ ਕਿ-

ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥
ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥
ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥
ਨਾਨਕ ਗੁਰਮੁਖਿ ਨਦਰੀ ਆਇਆ
ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥ (੧੪੨੨-੨੩)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁਖੀ ਜੀਵਨ ਨੂੰ ਚਾਰ ਪਹਰਾਂ ਵਿਚ ਵੰਡਿਆ ਹੈ। ਤੀਜੇ ਪਹਰ ਵਿਚ ਦਸਿਆ ਹੈ ਕਿ ਪ੍ਰਾਣੀ ਸਾਧ ਸੰਗਤ ਵਿਚ ਨਹੀਂ ਜਾਂਦਾ ਅਤੇ ਸਿਰਜਣਹਾਰ ਸੁਆਮੀ ਨੂੰ ਵਿਸਾਰ ਕੇ ਅੰਨ੍ਹਾਂ ਹੋਇਆ ਮਾਇਆ ਇੱਕਤਰ ਕਰਨ ਵਿਚ ਰੁਝਾ ਰਹਿੰਦਾ ਹੈ ਜਿਸ ਕਰਕੇ ਜਨਮ ਮਰਨ ਦੇ ਗੇੜ ਵਿਚ ਭਟਕਣਾ ਪਵੇਗਾ। ਗੁਰ ਫੁਰਮਾਨ ਹੈ-

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਿਖੁ ਸੰਚੈ ਅੰਧੁ ਅਗਿਆਨੁ ॥
ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ
ਅੰਤਰਿ ਲਹਰਿ ਲੋਭਾਨੁ ॥
ਅੰਤਰਿ ਲਹਰਿ ਲੋਭਾਨੁ ਪਰਾਨੀ
ਸੋ ਪ੍ਰਭੁ ਚਿਤਿ ਨ ਆਵੈ ॥
ਸਾਧ ਸੰਗਤਿ ਸਿਉ ਸੰਗੁ ਨ ਕੀਆ
ਬਹੁ ਜੋਨੀ ਦੁਖੁ ਪਾਵੈ ॥
ਸਿਰਜਨਹਾਰੁ ਵਿਸਾਰਿਆ ਸੁਆਮੀ
ਇਕ ਨਿਮਖ ਨ ਲਗੋ ਧਿਆਨੁ ॥
ਕਹੁ ਨਾਨਕ ਪ੍ਰਾਣੀ ਤੀਜੈ ਪਹਰੈ
ਬਿਖੁ ਸੰਚੇ ਅੰਧੁ ਅਗਿਆਨੁ ॥੩॥ (ਪੰਨਾ ੭੭)

(ਬਾਕੀ ਪੰਨਾ ੨੮ ਤੇ)

# ਅੰਮ੍ਰਿਤ ਸਮਾਗਮ ਰਚਣ ਦਾ ਚੋਜ

(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਇਸੇ ਚੋਜ ਰਚਣ ਖਾਤਰ ਹੀ ਸਤਿਗੁਰੂ ਦਸਮੇਸ਼ ਜੀ ਦੇ ਨੈਣਾਂ ਦੇਵੀ ਦਾ ਦੰਭ-ਨਿਵਾਰਨੀ ਪਖੰਡ ਹਿੰਦਵੈਣੀ ਅਚਾਰਜਾਂ ਦਾ ਨਵਿਰਤ ਕਰਨ ਖਾਤਰ ਹੀ ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪ੍ਰਸਿੱਧ ਟਿੱਲੇ ਉੱਤੇ ਰਚਨ ਕੀਤਾ, ਦੇਵੀ ਪ੍ਰਸਿੱਧ ਕਰਨ ਖਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਅਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪ੍ਰਸਿੱਧ ਕਰਾਂਗੇ, ਬਹੁਤ ਸਾਰੀ ਸਾਮਿਗਰੀ ਉਨ੍ਹਾਂ ਨੇ ਇਕੱਤਰ ਕਰਵਾਈ। ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿੱਠ ਦੇ ਕੇ ਭੱਜ ਨਸੇ। ਉਨ੍ਹਾਂ ਦੇ ਭੱਜ ਨਸਣ ਪਸਚਾਤ ਰਹਿੰਦ-ਖੂੰਹਦ ਸਾਰੀ ਸਮੱਗਰੀ ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕੱਤਰ ਕਰਵਾਈ ਸੀ, ਸਾਰੀ ਦੀ ਸਾਰੀ ਇਕ-ਦਮ ਪ੍ਰਚੰਡਕਾ ਦੇ ਭੇਟ ਕਰ ਦਿੱਤੀ, ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪਰਗਟ ਹੋਈ ਸਮਝਣ ਲੱਗ ਪਏ। ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਉਸ ਟਿੱਬੇ ਉੱਤੋਂ ਉੱਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦੱਸਿਆ ਕਿ ਖਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ ਅਥਵਾ 'ਭਗਉਤੀ' ਹੈ, ਹੋਰ ਕੋਈ ਦੇਵੀ ਨਹੀਂ।

ਉਦੋਂ ਪਿਛੋਂ ਸ੍ਰੀ ਦਸਮੇਸ਼ ਜੀ ਨੇ ਦੂਜਾ ਚੋਜ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੋਂ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ। ਇਹ ਇਤਹਾਸਕਾਰਾਂ ਦੀ ਬਿਲਕੁੱਲ ਗਲਤ ਸਟੋਰੀ (ਕਹਾਣੀ) ਪਾਈ ਹੋਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬੱਧੇ ਗਏ :-

ਨਾਟਕ ਚੇਟਕ ਕੀਏ ਕੁਕਾਜਾ।।
ਪ੍ਰਭ ਲੋਗਨ ਕੈ ਆਵਤ ਲਾਜਾ।।

ਦੇ ਮਹਾਂਵਾਕ ਅਨੁਸਾਰ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕ ਇਸ ਕੌਤਕ ਨੂੰ ਦੇਖ ਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾ ਕੇ ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ-ਪਾਨ ਕੀਤਾ ਅਤੇ *"ਧੰਨ ਧੰਨ (ਗੁਰੂ) ਗੋਬਿੰਦ ਸਿੰਘ ਆਪੇ ਗੁਰ ਚੇਲਾ"* ਦੀ ਰੀਤ ਚਲਾਈ।

ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿਤਰੇ, ਉਹ ਗਿਣਵੇਂ ਪੰਜਾਂ ਵਰਨਾਂ ਵਿੱਚ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ-ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰੱਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅੱਜ ਕਲ੍ਹ ਦੇ ਥੋੜ੍ਹ-ਦਿਲੇ ਵਰਨ-ਆਸ਼ਰਮੀ ਹਮਾਕਤ-ਬਾਜ਼ ਇਹ ਪਰਗਟ ਕਰਦੇ ਹਨ ਕਿ ਉਨ੍ਹਾਂ ਗੇਣਵੇਂ ਵਰਨ-ਆਸ਼ਰਮੀ ਪੰਜ ਪਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਨ ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿੱਚ ਲਿਆ ਹੀ ਨਹੀਂ ਜਾ ਸਕਦਾ। ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸ਼ੂਦਰ ਜਾਤੀ ਵਿੱਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅੱਜ ਕਲ੍ਹ ਓਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਭ ਲੋਗ ਕੁਸਮਭੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼ ਆਨ ਵਰਨ ਆਸ਼ਰਮਾਂ ਵਿਚੋਂ ਸ੍ਰੀ ਦਸਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤੱਕ ਕਿ ਮੁਹੰਮਦੀਆਂ ਤੇ ਚੌਥੇ ਪੌੜੇ ਵਾਲੇ (ਅਖਾਉਤੀ ਰੰਗਰੇਟੇ) ਨੂੰ ਵੀ ਖੰਡੇ ਦੇ ਅੰਮ੍ਰਿਤ ਦਾ ਬਾਟਾ ਪ੍ਰਦਾਨ ਕਰਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆ।

ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਉਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹਾਸੋ-ਹੀਣੀ ਗੱਲ ਹੈ ਕਿ ਐਡਾ ਵੱਡਾ ਤੰਬੂ ਪੰਜਾਂ ਬੱਕਰਿਆਂ ਦੀ ਖਾਤਰ ਹੀ ਤਿਆਰ ਕੀਤਾ ਗਿਆ ਸੀ। ਉਸੇ ਤੰਬੂ ਦੇ ਅਸਥਾਨ ਤੇ ਹੀ ਸੀਸ ਭੇਟ ਗੁਰਦੁਆਰਾ ਤਿਆਰ ਹੋਇਆ ਅਤੇ ਉਸੇ ਅਸਥਾਨ ਤੇ ਹੀ ਸ੍ਰੀ ਕੇਸਗੜ੍ਹ ਗੁਰਦੁਆਰਾ ਸਸ਼ੋਭਤ ਹੈ ਅਤੇ ਅੱਜ ਤਾਈਂ ਪਰਸਿੱਧ ਹੈ। ਖ਼ਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਅ-ਦਾਨ ਬਖਸ਼ਣ ਲਈ ਸਮਰੱਥ ਹੈ। ਹੋਰ ਕੋਈ ਦੇਵੀ ਖ਼ਾਲਸਾ ਪੰਥ ਅੰਦਰ ਗੁਰਮਤਿ ਅਨੁਸਾਰ ਪ੍ਰਮਾਣੀਕ ਹੀ ਨਹੀਂ। ਏਸੇ ਸ੍ਰੀ ਸਾਹਿਬ



www.AKJ.Org

(ਭਗਉਤੀ) ਨੂੰ ਲੈ ਕੇ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ-

ਦੂਹੂ ਪੰਥ ਮੈ ਕਪਟ ਵਿਦਿਆ ਚਲਾਨੀ।।
ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ।।

ਦੋਊ ਪੰਥ ਦਾ ਭਾਵ ਇਥੇ ਹਿੰਦੂ ਮੱਤ ਅਤੇ ਤੁਰਕ ਮੱਤ (ਬੇਦ ਕਤੇਬੀ ਮੱਤ) ਦਾ ਹੈ, ਤੀਸਰੋ ਪੰਥ ਖਾਲਸੇ ਦਾ ਮਤਲਬ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :-

ਹਿੰਦੂ ਅੰਨ੍ਹਾ ਤੁਰਕੂ ਕਾਣਾ।।
ਦੁਹਾਂ ਤੇ ਗਿਆਨੀ ਸਿਆਣਾ।।

ਇਥੇ ਗਿਆਨੀ ਦਾ ਭਾਵ ਖ਼ਾਲਸਾ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇਕ ਸਾਰ ਹੀ ਹੱਕ ਰਖਿਆ ਗਿਆ ਹੈ। ਤਾਂ ਤੇ ਇਹ ਗੱਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਉਣ ਵਾਲੀ ਗੱਲ ਹੈ ਕਿ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਵਾਸਤੇ ਹੀ ਰਚਿਆ ਗਿਆ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖੂਬ ਨਿਆਰਾ ਰੱਖਣ ਦੀ ਸਾਜਨਾ ਵਿੱਚ ਸਾਜਿਆ। ਪਹਿਲੀਆਂ ਸਮੱਗਰ ਗੁਰੂ ਪਾਤਸ਼ਾਹੀਆਂ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ। ਹਾਂ, ਇਸ ਵਿਸਾਖੇ ਦਾ ਪਵਿਤਰ ਦਿਹਾੜਾ ਸਰਬਤ੍ਰ ਮੱਤ-ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ ਖ਼ਾਸ ਮਖ਼ਸੂਸ ਤੌਰ ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪਰਗਟ ਪਹਾਰਾ ਦਿੱਤਾ ਤਾਂ ਸ੍ਰੀ ਦਸਮੇਸ਼ ਜੀ ਨੇ ਹੀ ਦਿੱਤਾ।

ਤਾਂ ਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗੱਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁਲ੍ਹਾ ਬਾਟਾ ਤਿਆਰ ਕੀਤਾ ਜਾਵੇ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼੍ਰੇਣੀ ਦੀ ਮਜਲਸ ਵਿਖੇ ਹੀ ਇਹ ਬਾਟਾ ਤਿਆਰ ਕੀਤਾ ਜਾਵੇ। ਤਾਂ ਤੇ ਇਹ ਅੰਮ੍ਰਿਤ ਦਾ ਬਾਟਾ ਪਰੰਪਰਾ ਤੋਂ ਹੀ, ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿੱਚ ਹੀ ਤਿਆਰ ਕੀਤਾ ਜਾਂਦਾ ਹੈ। ਅਨਮਤ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੇਪ ਰੱਖਣ ਲਈ ਹੀ ਅੰਮ੍ਰਿਤ ਮਰਯਾਦਾ ਗੋਝ ਰਤਨਾਗਰੀ ਰੱਖੀ ਗਈ ਹੈ। *"ਬਧੋ ਪੰਥ ਪਰ ਧਰਮ ਨ ਹੋਇ"* ਵਾਲੀ ਗੱਲ ਹੀ ਨਹੀਂ ਕੀਤੀ ਗਈ, ਨਾ ਹੀ ਇਹ ਹਰੀ ਅੰਗੂਰੀ ਕੇਵਲ ਹਿੰਦਵੈਣ ਨਮਿਤ ਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ, ਇਹ ਖ਼ਿਆਲ ਕੇਵਲ ਵਿੱਲੜ ਹਿੰਦਵੈਣ ਮਤੀ ਕੁਬੁਧਿ ਮਤੀਸ਼ਰਾਂ ਦਾ ਹੀ ਹੈ। ਖ਼ਾਲਸਾ ਪੰਥ ਵਿੱਚ ਇਤਰ ਜ਼ਾਤ-ਪਾਤ ਸਮੱਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ। ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਤ ਕੀਤੀ ਗੁਰ-ਮਰਯਾਦਾ ਹੀ ਲੇਖੇ ਪੈਂਦੀ ਹੈ।

ਇਹ ਗੱਲ ਭੀ ਬਿਲਕੁਲ ਬੇਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰੀਆਂ ਸਿੱਧਾਂ ਨੂੰ ਪੂਰਿਆਂ ਸਿੱਧ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਹੱਥਾਂ ਦਾ ਖੰਡਾ ਅਪਵਿਤਰ ਹੱਥਾਂ ਵਿੱਚ ਆ ਕੇ ਹੋਰ ਵੀ ਹੀਣਤਾ ਵਾਲੀ ਗੱਲ ਹੋ ਜਾਂਦੀ ਹੈ, ਜੈਸਾ ਕਿ ਅਨੇਕਾਂ ਥਾਵਾਂ ਤੇ ਹੋਈ ਹੈ। ਬੇਸ਼ਕ ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜਾਈ ਰਹਿਤ-ਬਹਿਤ ਧਾਰਨ ਨਾ ਕਰਵਾਈ ਜਾਵੇ ਉਸ ਵਕਤ ਤੱਕ ਲੱਖਾਂ ਦੀਆਂ ਲੱਖਾਂ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ।

ਤਾਂ ਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ-ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਇਸ ਗੱਲ ਦੀ ਪ੍ਰਸਿੱਧ ਦਲੀਲ ਸਾਬਤ ਹੋ ਗਈ ਕਿ ਖ਼ਾਲਸਾ ਸੋ ਹੈ ਜੋ ਸਰਬਤ੍ਰ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ। ('ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ)

## ਹੇ ਸਤਿਗੁਰੂ ਜੀ, ਕਿਰਪਾ ਕਰੋ

*ਕੱਚੇ ਗੁਰੂ ਦਵਾਰੇ ਸਨ ਤਾਂ*
*ਮਨ ਸਾਡੇ ਸਨ ਪੱਕੇ।*
*ਪੱਕੇ ਗੁਰੂ ਦਵਾਰੇ ਬਣ ਗਏ,*
*ਮਨ ਕਿਉਂ ਹੋ ਗਏ ਕੱਚੇ।*
*ਹੇ ਸਤਿਗੁਰੂ ਜੀ ! ਕਿਰਪਾ ਕਰ ਕੇ,*
*ਕੱਟੋ ਹਉਮੈ ਤਾਈਂ।*
*'ਕਿਰਤੀ' ਵੇਖੋ ਫੁਟ ਭੂਤਨੀ*
*ਅਜ ਅਸਾਂ ਵਿਚ ਆਈ।*



www.AKJ.Org

# ਚਾਰ ਵਰਨ ਦਾ ਇਕ ਵਰਨ ਹੈ ਖਾਲਸਾ

(ਪ੍ਰਿ: ਸੱਜਣ ਸਿੰਘ ਜੀ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਪਾਵਨ ਖਾਲਸਾ ਪੰਥ ਦੀ ਸਿਰਜਨਾ ਸੰਨ 1699 ਦੀ ਵਿਸਾਖੀ ਵਾਲੇ ਦਿਨ ਕੀਤੀ ਸੀ, ਉਸ ਦਾ ਅੰਤਮ ਸਰੂਪ ਮੰਤਵ ਤੇ ਧਰਮ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਪਹਿਲਾਂ ਹੀ ਪ੍ਰਵਾਨ ਹੋ ਚੁੱਕਾ ਸੀ। ਇਸ ਪੰਥ ਦਾ ਨੀਂਹ ਪੱਥਰ ਨਿਰੰਕਾਰੀ ਜੋਤ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਰੱਖਿਆ ਸੀ ਤੇ ਇਸ ਦੇ ਬਹੁ ਪੱਖੀ ਅੰਗਾਂ ਵਿਚੋਂ ਇੱਕ ਅੰਗ ਮਾਨਵਤਾ ਦੀ ਅਖੰਡਤਾ ਸੀ। ਇਸ ਵਿੱਚ ਸੰਦੇਹ ਨਹੀਂ ਕਿ ਉਸ ਸਮੇਂ ਭਾਰਤ ਜਾਤ ਪਾਤ ਆਸ਼ਰਮ ਤੇ ਵਰਨਾਂ ਦੀ ਦਲਦਲ ਵਿੱਚ ਫਸ ਕੇ ਆਪਣੀ ਸ਼ਕਤੀ ਨੂੰ ਖਿੰਡਾ ਰਿਹਾ ਸੀ। ਗੁਰਦੇਵ ਜੀ ਦਾ ਅਪਣਾਇਆ ਤੇ ਚਲਾਇਆ ਮਾਰਗ, ਸਿੱਧਾ ਤੇ ਸਰਲ, ਆਪਸੀ ਪ੍ਰੇਮ, ਸਾਂਝੀਵਾਲਤਾ ਤੇ ਮਨੁੱਖੀ ਏਕਤਾ ਵਾਲਾ ਗਾਡੀ ਰਾਹ ਸੀ। ਇਸ ਦਾ ਹਵਾਲਾ ਭਾਈ ਗੁਰਦਾਸ ਜੀ ਨੇ ਇਨ੍ਹਾਂ ਸ਼ਬਦਾਂ ਦੁਆਰਾ ਦਿੱਤਾ ਹੈ।

ਗੁਰਮੁਖਿ ਪੰਥੁ ਚਲਾਇਓਨੁ,
ਸੁੱਖ ਸਾਗਰ ਬੇਅੰਤ ਅਮੇਉ।।
ਚਹੁ ਵਰਨਾਂ ਉਪਦੇਸਦਾ
ਛਿਅ ਦਰਸਨ ਸਭਿ ਸੇਵਕ ਸੇਉ।।

ਭਾਰਤ ਦੀ ਸਾਰੀ ਮਨੁੱਖ ਜਾਤੀ ਬ੍ਰਾਹਮਣ, ਖੱਤਰੀ, ਵੈਸ਼, ਸੂਦਰ, ਚਾਰੇ ਵਰਨਾਂ ਵਿੱਚ ਵੰਡੀ ਹੋਈ ਸੀ। ਇਨ੍ਹਾਂ ਦਾ ਆਪਸੀ ਸਹਯੋਗ ਸੰਬੰਧ ਤੇ ਮਿਲਵਰਤਣ ਨਾਮ ਮਾਤਰ ਹੀ ਸੀ। ਵਿਤਕਰੇ ਤੇ ਘ੍ਰਿਣਾ ਭਰੀ ਵਿਚਾਰਧਾਰਾ ਸਵੈ ਰੱਖਿਆ ਤੇ ਸੁੰਤਤਰਤਾ ਲਈ ਬਹੁਤ ਹਾਨੀਕਾਰਕ ਸੀ। ਆਪ ਜੀ ਦਾ ਉਪਦੇਸ਼ ਕੇਵਲ ਉੱਚ ਜਾਤੀ ਲਈ ਨਹੀਂ, ਚਹੁੰ ਵਰਨਾਂ ਲਈ ਸਾਂਝਾ ਸੀ। ਹਜ਼ੂਰ ਦੇ ਹਿਰਦੇ ਵਿੱਚ ਦੁੱਖੀਆਂ ਲਈ ਦਰਦ, ਤੜਪ ਤੇ ਵੇਦਨਾ ਸੀ, ਇਨ੍ਹਾਂ ਦੇ ਦੁੱਖ ਦੂਰ ਕਰਨ ਦੀ ਸੱਚੀ ਲਗਨ ਸੀ, ਉਚਿਆਂ ਦੀ ਹਉਮੈ ਭਰੀ ਸੋਚਣੀ ਵਿੱਚ ਤਬਦੀਲੀ ਲਿਆਉਣ ਲਈ ਵਿਵੇਕ ਬੁੱਧੀ ਦਾ ਹਥਿਆਰ ਸੀ, ਕੁਰਬਾਨੀ ਦਾ ਜ਼ਜ਼ਬਾ ਸੀ, ਹਿੰਮਤ ਤੇ ਦਲੇਰੀ ਦੀ ਭਾਵਨਾ ਸੀ। ਜੋ ਕੋਈ ਉਪਦੇਸ਼ਕ ਸੀ ਤਾਂ ਉਸਦੀ ਕਥਨੀ, ਕਰਨੀ ਵਿੱਚ ਨਹੀਂ ਬਦਲੀ ਪਰ ਆਪ ਤਾਂ ਕਰਮ ਯੋਗੀ ਸਨ, ਨਾਮ ਦੀ ਸ਼ਕਤੀ ਤੇ ਗਿਆਨ ਦੀ ਖੜਗ ਦੇ ਸਦਕੇ ਆਪ ਜੀ ਦੇ ਉਪਦੇਸ਼ ਨੇ ਅਮਲੀ ਰੂਪ ਧਾਰਨ ਕੀਤਾ, ਚਾਰੇ ਵਰਨਾਂ ਦੇ ਲੋਕ ਇੱਕ ਸੰਗਤ ਨਾਲ ਜੁੜ ਗਏ, ਇੱਕ ਪੰਗਤ ਵਿੱਚ ਬੈਠ ਕੇ ਲੰਗਰ ਛੱਕਣ ਲੱਗੇ। ਉਨ੍ਹਾਂ ਲੋਕਾਂ ਨੂੰ ਨਾਮ ਦਾ ਅਨੰਦ ਤੇ ਰਸ ਪ੍ਰਾਪਤ ਹੋਣ ਲੱਗਾ ਜਿਹੜੇ ਸਦੀਆਂ ਤੋਂ ਦੁਰਕਾਰੇ ਹੋਏ ਸਨ ਜਿਨ੍ਹਾਂ ਨੂੰ ਮੰਦਰਾਂ ਵਿੱਚ ਜਾਣ ਦੀ ਮਨਾਹੀ ਸੀ, ਨਾਮ ਸੁਨਣ ਦੀ ਪਾਬੰਦੀ ਸੀ ਤੇ ਗੁਰਮੰਤਰ ਲੈਣ ਲਈ ਅਨ-ਅਧਿਕਾਰੀ ਘੋਸ਼ਿਤ ਕੀਤਾ ਹੋਇਆ ਸੀ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਇਉਂ ਫੁਰਮਾਇਆ ਸੀ।

ਚਾਰੇ ਪੈਰ ਧਰਮ ਦੇ, ਚਾਰ ਵਰਨ
ਇੱਕ ਵਰਨ ਕਰਾਇਆ।।

ਇਹ ਨਵਾਂ ਵਰਨ, ਚਾਰੇ ਵਰਨਾਂ ਦਾ ਸੰਗਮ ਸੀ ਪਰ ਅਉਗਣਾਂ ਤੋਂ ਰਹਿਤ ਹੋਣ ਕਰਕੇ ਵਰਨ ਰਹਿਤ ਸੀ। ਭਾਈ ਸਾਹਿਬ ਨੇ ਇਸ ਨੂੰ ਨਿਰਮਲ ਪੰਥ ਵੀ ਆਖਿਆ ਹੈ। ਸਮਾਂ ਬੀਤਦਾ ਗਿਆ ਪਰ ਦਿਨੋ ਦਿਨ ਭਿਆਨਕ ਰੂਪ ਧਾਰਦਾ ਗਿਆ। ਦਸਮੇਸ਼ ਪਿਤਾ ਦੇ ਆਗਮਨ ਸਮੇਂ ਮੁਗਲ ਰਾਜ ਦੀ ਵਾਂਗ ਡੋਰ ਉਸ ਮਤੱਸਬੀ ਤੇ ਨਿਰਦਈ ਔਰੰਗਜ਼ੇਬ ਦੇ ਹੱਥ ਵਿੱਚ ਸੀ ਜਿਸ ਨੇ ਆਪਣਾ ਮੰਤਵ ਪੂਰਾ ਕਰਨ ਲਈ ਪਿਤਾ ਤੇ ਭਰਾਵਾਂ ਦੇ ਖ਼ੂਨ ਨਾਲ ਹੋਲੀ ਖੇਡੀ ਸੀ। ਇਸ ਚਨੌਤੀ ਭਰੇ ਸਮੇਂ ਨਾਲ ਟਕਰਾਉਣ ਦੀ ਜ਼ੁਮੇਵਾਰੀ ਦਾ ਭਾਰ ਦਸਵੇਂ ਨਾਨਕ ਨੇ ਅਕਾਲ ਪੁਰਖ ਦੇ ਫੁਰਮਾਨ ਤੇ ਬਖਸ਼ਸ਼ ਦੁਆਰਾ ਸੰਭਾਲਿਆ।

ਵਿਸਾਖੀ ਦਾ ਪੁਰਬ, ਸੁਨਹਿਰੀ ਅੱਖਰਾਂ ਵਿੱਚ ਲਿਖਣ ਵਾਲਾ ਉਹ ਵਡਭਾਗਾ ਦਿਨ ਸੀ ਜਿਸ ਦਿਨ ਅਨੋਖੇ ਅੰਮ੍ਰਿਤ ਪਾਨ ਦੀ ਪਰੰਪਰਾ ਆਰੰਭ ਹੋਈ, ਊਚ ਨੀਚ, ਜਾਤ ਪਾਤ ਦਾ ਭੇਦ ਭਾਵ ਖਤਮ ਹੋਇਆ, ਅਕਾਲ ਪੁਰਖ ਦਾ ਆਪਣਾ ਸੰਪੂਰਨ ਤੇ ਅਖੰਡਤਾ ਰੂਪ ਖਾਲਸਾ ਦੇ ਰੂਪ ਵਿੱਚ ਹੋਂਦ ਵਿੱਚ ਆਇਆ ਤੇ ਚਹੁੰ ਵਰਨਾਂ ਦਾ ਸੁਮੇਲ ਹੋਇਆ। ਇਕੱਲੀ ਰੇਤ ਜਾਂ ਇਕੱਲੇ ਸੀਮਿੰਟ ਵਿੱਚ ਏਨੀ ਸਮਰੱਥਾ ਨਹੀਂ ਹੁੰਦੀ ਜਿੰਨੀ ਉਨ੍ਹਾਂ ਦੀ ਮੁਨਾਸਬ ਮਿਲਾਵਟ ਵਿੱਚ ਹੁੰਦੀ ਹੈ। ਇਸ ਦੀ ਸ਼ਕਤੀ ਹੋਰ ਵੀ ਵੱਧ ਜਾਂਦੀ ਹੈ ਜਦ ਇਸ ਵਿੱਚ ਲੋਹੇ ਦਾ ਸਰੀਆ ਮਿਲ ਜਾਂਦਾ ਹੈ। ਇਹ ਦੁਨਿਆਵੀ ਉਦਾਹਰਣ ਕੇਵਲ ਇਸ ਮੰਤਵ ਦੇ ਦ੍ਰਿੜਾਉਣ ਲਈ ਕੀਤੀ ਗਈ ਹੈ ਕਿ ਚਹੁੰਆਂ ਵਰਨਾਂ ਦੇ ਦੈਵੀ ਗੁਣਾਂ ਦੇ ਮੁਜੱਸਮੇ, ਖਾਲਸੇ ਵਿੱਚ ਬੇਪਨਾਹ ਸ਼ਕਤੀ ਤੇ ਭਗਤੀ ਦਾ ਨਿਵਾਸ ਹੋਣਾ ਨਾ ਹੀ ਗੈਰ ਕੁਦਰਤੀ ਤੇ ਨਾ ਹੀ ਖਿਆਲੀ ਪਲਾਉ ਹੈ। ਇਹ ਇਕ ਠੋਸ ਹਕੀਕਤ ਹੈ, ਇਤਿਹਾਸਕ ਘਟਨਾ ਹੈ ਕਿ ਮੁਗਲ ਹਕੂਮਤ ਦੇ ਜਬਰ, ਸਖਤ ਰਵੱਈਏ ਤੇ ਤਸ਼ੱਦਦ ਦੇ ਮਾਹੌਲ ਅੰਦਰ ਅਨੇਕ ਕਸ਼ਟ ਝੱਲਦਾ, ਹਿੰਮਤ ਮਾਰਦਾ, ਵੱਧਦਾ, ਫੁੱਲਦਾ, ਪਲਦਾ ਖਾਲਸਾ ਇੱਕ ਦਿਨ ਮੁਗਲ ਹਕੂਮਤ ਦਾ ਤਖਤ ਪਲਟ ਕੇ ਆਪਣਾ ਰਾਜ ਸਥਾਪਤ ਕਰਨ ਵਿੱਚ ਸਫਲ ਹੋ ਜਾਂਦਾ ਹੈ।

ਬ੍ਰਾਹਮਣ :- ਇੱਕ ਆਦਰਸ਼ਕ ਬ੍ਰਾਹਮਣ ਵਾਂਗਰ ਖਾਲਸਾ



www.AKJ.Org

ਵਿਵੇਕੀ, ਗੁਣਵਾਨ ਤੇ ਵਿਦਿਆ ਦਾ ਕਦਰਦਾਨ ਹੈ। ਉਹ ਨਾਜ਼ਕ ਸਮੇਂ ਦੇ ਪ੍ਰਭਾਵ ਹੇਠ ਬ੍ਰਾਹਮਣ, ਮਾਇਆਧਾਰੀ, ਲੋਭੀ, ਅਨਪੜ੍ਹ ਜਨਤਾ ਨੂੰ ਕਰਮ ਧਰਮ ਦੇ ਜੰਜਾਲ ਵਿੱਚ ਫਸਾਉਣ ਵਾਲਾ, ਦਾਨ ਲੈਣ ਦੀ ਲਾਲਸਾ ਵਿੱਚ ਸੁਰਤੀ ਰੱਖਣ ਵਾਲਾ ਵਿਅਕਤੀ ਸੀ। ਉਸ ਦੀ ਰਹਿਣੀ ਤੇ ਕਥਨੀ ਬਾਰੇ ਫੁਰਮਾਨ ਹੈ।

ਅਵਰ ਉਪਦੇਸੈ ਆਪਿ ਨ ਬੂਝੈ।।
ਐਸਾ ਬ੍ਰਾਹਮਣੁ ਕਹੀ ਨ ਸੀਝੈ।।

(ਆਸਾ ਮ: ੫, ਪੰਨਾ ੩੭੨)

ਦਸਮੇਸ਼ ਪਿਤਾ ਨੇ ਖਾਲਸੇ ਨੂੰ ਵਿਦਵਾਨ, ਗਿਆਨਵਾਨ ਤੇ ਸੂਝ ਬੂਝ ਬਣਾਉਣ ਲਈ ਫੈਸਲਾ ਕੀਤਾ ਤੇ ਕੁੱਝ ਸਿੰਘਾਂ ਨੂੰ ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕਰਨ ਲਈ ਕਾਂਸ਼ੀ ਭੇਜਿਆ। ਸੋਚਣੀ ਤੇ ਕਥਨੀ ਨੂੰ ਸੁਚੱਜੇ ਢੰਗ ਨਾਲ ਕਰਨੀ ਵਿੱਚ ਬਦਲਣੇ ਦਾ ਉਪਦੇਸ਼ ਦਿੱਤਾ। ਜਿੱਥੇ ਅਖੌਤੀ ਪੰਡਤ ਉਪਜੀਵਕਾ ਲਈ ਦੂਜਿਆਂ ਤੇ ਮੁਹਤਾਜ ਸਨ ਤੇ ਮਾਇਆ ਲਈ ਹੱਥ ਅੱਡਦੇ ਸਨ, ਅਰਥਾਤ "ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ।।" (ਪੰਨਾ ੨੩੧) ਉੱਥੇ ਖਾਲਸਾ ਮੰਗਤਾ ਨਹੀਂ ਦਾਤਾ ਹੈ, ਦੂਜਿਆਂ ਤੇ ਨਿਰਭਰ ਨਹੀਂ, ਆਲਸੀ ਨਹੀਂ ਉੱਦਮੀ ਹੈ। ਘਾਲ ਕਰਕੇ ਖਾਣਾ ਤੇ ਹਥਹੁ ਦੇ ਕੇ ਭਲਾ ਮਨਾਉਣ ਇੱਕ ਹੁਕਮ ਹੈ ਜਿਸ ਦੀ ਪਾਲਣਾ ਕਰਨਾ ਖਾਲਸੇ ਦਾ ਧਰਮ ਹੈ।

ਪੰਡਤ ਬਿਲਕੁੱਲ ਨਹੀਂ ਚਾਹੁੰਦੇ ਸਨ ਕਿ ਕੋਈ ਹੋਰ ਵਰਨ ਵਾਲਾ ਪੂਜਾ ਕਰੇ ਤੇ ਉਸ ਦਾ ਸ਼ਰੀਕ ਬਣੇ, ਪੜ੍ਹੇ ਪੜ੍ਹਾਵੇ, ਨਾਮ ਜਪੇ ਤੇ ਨਾਮ ਜਪਾਵੇ। ਸਭ ਤੋਂ ਸਖਤ ਤੇ ਪਾਬੰਦੀ ਵਾਲਾ ਵਰਤਾਉ ਸ਼ੂਦਰਾਂ ਨਾਲ ਸੀ। ਉਹ ਮੰਦਰਾਂ ਵਿੱਚ ਨਹੀਂ ਜਾ ਸਕਦੇ ਹਨ ਗੁਰਮੰਤਰ ਨਹੀਂ ਲੈ ਸਕਦੇ ਸਨ ਕਿਉਂਕਿ ਉਹ ਪੰਡਤਾਂ ਦੀਆਂ ਨਜ਼ਰਾਂ ਵਿੱਚ ਅਯੋਗ ਤੇ ਅਨਅਧਿਕਾਰੀ ਸਨ। ਭਗਤ ਕਬੀਰ, ਭਗਤ ਰਵਿਦਾਸ ਅਤੇ ਭਗਤ ਨਾਮਦੇਵ ਨਾਲ ਜਿਹੜਾ ਵਰਤਾਉ ਪੰਡਤ ਜਨਾਂ ਨੇ ਕੀਤਾ, ਉਹ ਗੁੱਝਾ ਨਹੀਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਪਰ ਖਾਲਸੇ ਦੇ ਮਨ ਵਿੱਚ ਕੋਈ ਕਿਸੇ ਕਿਸਮ ਦਾ ਵਿਤਕਰਾ ਨਹੀਂ, ਉਸ ਦੀਆਂ ਨਜ਼ਰਾਂ ਵਿੱਚ ਸਭ ਇਨਸਾਨ ਬਰਾਬਰ ਹਨ। ਇਸ ਬਾਰੇ ਗੁਰ ਫੁਰਮਾਨ ਹੈ।

ਚਹੁ ਵਰਨਾ ਕਉ ਦੇ ਉਪਦੇਸੁ।।
ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ।।

(ਸੁਖਮਨੀ ਸਾਹਿਬ, ਪੰਨਾ ੨੭੪)

ਛਤ੍ਰੀ :- ਖਾਲਸਾ ਭਗਤ ਹੀ ਨਹੀਂ **ਸੂਰਾ ਵੀ ਹੈ।** ਇਹ ਐਸੇ ਗੁਲਾਬ ਨਿਆਈ ਹੈ, **ਜਿਸ ਵਿੱਚ ਨਾਮ ਦੀ ਸੁਗੰਧੀ** ਵੀ ਹੈ ਤੇ ਖੰਡੇ ਰੂਪ ਕੰਡਾ **ਵੀ ਹੈ। ਜਿਹੜੇ ਕੇਵਲ ਸੂਰੇ** ਹਨ, ਉਹ ਦੂਜਿਆਂ ਦਾ ਹੱਕ **ਖੋਹਣ ਤੋਂ** ਹਿਚਕਚਾਉਂਦੇ ਨਹੀਂ। ਉਨ੍ਹਾਂ ਦੀ ਆਤਮਾ ਵਿੱਚ ਏਨੀ ਆਵਾਜ਼ ਨਹੀਂ ਕਿ ਉਹ ਜ਼ੁਲਮ ਕਮਾਉਣ ਤੋਂ ਵਰਜ ਸਕੇ। ਜਿਹੜੇ ਕੇਵਲ ਭਗਤ ਹੋਣ ਦਾ ਦਾਅਵਾ ਕਰਦੇ ਹਨ, ਉਹ ਸਵੈ ਰੱਖਿਆ ਨਹੀਂ ਕਰ ਸਕਦੇ, ਉਨ੍ਹਾਂ ਨੇ ਮਜ਼ਲੂਮਾਂ ਨੂੰ ਕੀ ਬਚਾਉਣਾ ਹੈ। ਸੁਤੰਤਰ ਖੱਤਰੀ ਜ਼ਾਲਮ ਬਣ ਗਏ ਤੇ ਪਰਾਧੀਨ ਖੱਤਰੀ ਮਜ਼ਲੂਮ ਹੋਣ ਦੇ ਨਾਤੇ ਧਰਮ ਵੀ ਗੁਆ ਬੈਠੇ। ਉਸ ਬਾਰੇ ਗੁਰਫੁਰਮਾਨ ਹੈ :-

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।**
**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।।**

(ਧਨਾਸਰੀ ਮ: ੧, ਪੰਨਾ ੬੬੩)

ਦਸਮੇਸ਼ ਪਿਤਾ ਜੀ ਨੇ ਖਾਲਸੇ ਵਿੱਚ ਛਤ੍ਰੀ ਦੇ ਬੀਰ ਰਸ ਦੇ ਗੁਣ ਤੇ ਪੰਡਤ ਦੇ ਅਧਿਆਤਮਕਤਾ ਦੇ ਗੁਣ ਭਰੇ। ਇਉ ਖਾਲਸਾ ਅੱਜਿਹਾ ਛਤ੍ਰੀ ਹੈ। ਜਿਹੜਾ ਕਣ ਕਣ ਵਿੱਚ ਅਕਾਲ ਪੁਰਖ ਦੀ ਜੋਤਿ ਤੱਕਦਾ ਹੈ ਤੇ ਬੇਇਨਸਾਫੀ ਜਾਂ ਵਧੀਕੀ ਦੇ ਵਿਰੁੱਧ ਸੰਘਰਸ਼ ਕਰਨ ਲਈ ਜੂਝਦਾ ਆਇਆ ਹੈ। ਦੇਸ਼ ਤੇ ਧਰਮ ਲਈ ਜਿੰਨੀਆਂ ਕੁਰਬਾਨੀਆਂ ਖਾਲਸਾ ਪੰਥ ਨੇ ਦਿੱਤੀਆਂ ਹਨ, ਹੋਰ ਕਿਸੇ ਨੇ ਨਹੀਂ ਦਿੱਤੀਆਂ। ਨਮੂਨੇ ਦਾ ਖਤ੍ਰੀ ਉਹੀ ਬਣ ਸਕਦਾ ਹੈ ਜਿਸ ਨੇ ਆਪਣਾ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫੁਰਮਾਨ ਅਨੁਸਾਰ ਢਾਲਿਆ ਹੋਵੇ। ਪਾਵਨ ਹੁਕਮ ਹੈ :-

**ਖਤ੍ਰੀ ਸੋ ਜੁ ਕਰਮਾ ਕਾ ਸੂਰੁ।।**
**ਪੁੰਨ ਦਾਨ ਕਾ ਕਰੈ ਸਰੀਰੁ।।**
**ਖੇਤੁ ਪਛਾਣੈ ਬੀਜੈ ਦਾਨੁ।।**
**ਸੋ ਖਤ੍ਰੀ ਦਰਗਹ ਪਰਵਾਣੁ।।**

(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੧)

ਖਾਲਸਾ ਅਨੋਖਾ ਪਤੰਗਾ ਹੈ। ਬਾਕੀ ਸਾਰੇ ਪਤੰਗੇ ਸ਼ਮ੍ਹਾਂ ਦੀ ਸੁੰਦਰਤਾ ਤੇ ਮੋਹਿਤ ਹੋ ਕੇ ਸੜਦੇ ਹਨ ਪਰ ਖਾਲਸੇ ਦਾ ਬਲੀਦਾਨ ਅਗਿਆਨਤਾ ਨਹੀਂ, ਕੁਦਰਤੀ ਨਿਯਮ ਅਨੁਸਾਰ ਹੈ। ਇਸ ਨੂੰ ਕੋਈ ਦੁਨਿਆਵੀ ਖਿੱਚ ਪੋਹ ਨਹੀਂ ਸਕਦੀ, ਸੁੰਦਰਤਾ ਵੀ ਨਹੀਂ। ਖਾਲਸੇ ਦੀ ਸ਼ਹਾਦਤ, ਜ਼ੁਲਮ, ਬੇਇਨਸਾਫ਼ੀ ਆਦਿ ਦੀ ਭਖਦੀ ਸ਼ਮ੍ਹਾਂ ਦੀ ਅਗਨੀ ਘਟਾਉਣ ਲਈ ਜਾਂ ਬੁਝਾਉਣ ਲਈ ਹੁੰਦੀ ਹੈ। ਜਿਉਂ ਜਿਉਂ ਸ਼ਹਾਦਤਾਂ ਦੀ ਗਿਣਤੀ ਵੱਧਦੀ ਹੈ, ਸ਼ਮ੍ਹਾਂ ਦੀ ਅਗਨੀ ਘੱਟਦੀ ਜਾਂਦੀ ਹੈ। ਫਿਰ ਇੱਕ ਦਿਨ ਉਹ ਸਥਿਤੀ ਵਿੱਚ ਵੀ ਆ ਜਾਂਦੀ ਹੈ ਕਿ ਸ਼ਮ੍ਹਾਂ ਬੁਝਣ ਤੇ ਮਜਬੂਰ ਹੁੰਦੀ ਹੈ ਤੇ ਬੁੱਝੇ ਹੋਏ ਦੀਵੇ ਤੇ ਸ਼ਹਾਦਤ ਦੇਣ ਦੀ ਲੋੜ ਨਹੀਂ ਰਹਿੰਦੀ।

ਖਾਲਸਾ ਵਾਸਤਵ ਵਿੱਚ ਅਕਾਲ ਪੁਰਖ ਦੀ ਫੌਜ ਹੈ ਤੇ ਪਰਮਾਤਮਾ ਦੀ ਆਪਣੀ ਮੌਜ ਦੁਆਰਾ ਪ੍ਰਗਟ ਹੋਇਆ ਹੈ ਤੇ ਇਸ ਦੀ ਸੰਭਾਲ ਦੀ ਜ਼ੁਮੇਵਾਰੀ ਵੀ ਆਪਣੇ



www.AKJ.Org

ਉੱਤੇ ਹੈ। ਇਸ ਦਾ ਸਾਰਾ ਤੇਜ ਪਰਤਾਪ ਕਲਗੀਧਰ ਪਾਤਸ਼ਾਹ ਨੂੰ ਸੌਂਪਿਆ ਹੋਇਆ ਹੈ।

ਵੈਸ਼ :- ਸਤਿਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਸੰਪੂਰਨ ਕਰਨ ਬਾਅਦ ਉਦਾਸੀ ਭੇਖ ਉਤਾਰ ਕੇ ਕਿਰਤ ਕਮਾਈ ਕਰਨ, ਨਾਮ ਜਪਣ ਤੇ ਵੰਡ ਛਕਣ ਦੀ ਰੀਤਿ ਅਪਣਾਈ। ਸਪਸ਼ਟ ਤੌਰ ਤੇ ਉਪਦੇਸ਼ ਕੀਤਾ ਕਿ ਇਸ ਮਾਰਗ ਤੇ ਚੱਲਣ ਵਾਲੇ ਨੂੰ ਸੱਚੇ ਰਾਹ ਦੀ ਪਛਾਣ ਹੁੰਦੀ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥
(ਵਾਰ ਸਾਰੰਗ ੧, ਪੰਨਾ ੧੨੪੫)

ਖਾਲਸਾ ਸੱਚਾ ਵੈਸ਼ ਹੋਣ ਦੇ ਨਾਤੇ ਆਲਸ ਨੂੰ ਤਿਆਗ ਕੇ ਉੱਦਮੀ ਤੇ ਮਿਹਨਤੀ ਬਣਨ ਦਾ ਉਪਰਾਲਾ ਕਰਦਾ ਹੈ, ਆਪਣੇ ਹੱਥਾਂ ਨਾਲ ਮਿਹਨਤ ਕਰ ਕੇ ਅਸਲੀ ਸੁੱਖ ਭੁੰਚਦਾ ਹੈ। ਹੁਕਮ ਹੈ :-

ਉਦਮੁ ਕਰੇਦਿਆ ਜੀਉ ਤੂੰ
ਕਮਾਵਦਿਆ ਸੁਖੁ ਭੁੰਚੁ॥
(ਵਾਰ ਗੂਜਰੀ ਮ: ੫, ਪੰਨਾ ੫੨੨)

ਦਸਮੇਸ਼ ਪਿਤਾ ਨੇ ਖਾਲਸੇ ਨੂੰ ਸਿੰਘ ਬਣਾਇਆ, ਸ਼ੇਰ ਦੀ ਪਦਵੀ ਦਿੱਤੀ, ਅਣਖੀ ਜੀਵਨ ਬਖਸ਼ਿਆ, ਸਵੈਮਾਨ ਤੇ ਸੁਤੰਤਰਤਾ ਦਿੱਤੀ। ਸ਼ੇਰ ਕਿਸੇ ਦੀ ਜੂਠ ਨਹੀਂ ਖਾਂਦਾ, ਉਪਜੀਵਕਾ ਤੇ ਉਦਰ ਪੂਰਤੀ ਲਈ ਕਿਸੇ ਤੇ ਬੋਝ ਨਹੀਂ ਬਣਦਾ। ਜੇ ਵਪਾਰੀ ਹੈ ਤਾਂ ਸੱਚ ਦਾ ਵਪਾਰ ਕਰਦਾ ਹੈ। ਨੌਕਰੀ ਪੇਸ਼ੇ ਵਾਲਾ ਖਾਲਸਾ ਕੰਮ ਚੋਰ ਤੇ ਢਿੱਲੜ ਨਹੀਂ ਮਿਲੇਗਾ, ਉਹ ਕਿਸੇ ਭੀ ਮੁੱਲ ਤੇ ਸੱਚੀ ਲਗਨ ਤੇ ਈਮਾਨਦਾਰੀ ਨੂੰ ਤਿਆਗਦਾ ਨਹੀਂ। ਹਜ਼ੂਰ ਨੇ ਪਰਕ੍ਰਿਤ ਵਿੱਚ ਸ਼ੂਦਰ ਤੇ ਵੈਸ਼ ਦੋਹਾਂ ਨੂੰ ਸ਼ਾਮਲ ਕੀਤਾ ਹੈ।

ਖਤ੍ਰੀ ਕਰਮ ਕਰੇ ਸੂਰਤਣੁ ਪਾਵੈ॥
ਸੂਦ ਵੈਸ਼ ਪਰਕ੍ਰਿਤ ਕਮਾਵੈ॥ (੧੬੪)
(ਗਉੜੀ ਗੁਆਰੇਰੀ ਮਹਲਾ ੪ -੧੬੪)

ਇਸ ਪੱਖ ਤੋਂ ਸੂਦਰ ਤੇ ਵੈਸ਼ ਵਿਚ ਇਹ ਅੰਤਰ ਪਰਤੱਖ ਸੀ ਕਿ ਵੈਸ਼ ਦਾ ਸਭ ਨਾਲ ਸਮਾਨਤਾ ਤੇ ਅਣਖ ਭਰਿਆ ਮਿਲਾਪ ਸੀ, ਉੱਥੇ ਸੂਦਰ ਨੂੰ ਨੀਚ ਜਾਤੀ ਵਾਲਾ ਸਮਝਿਆ ਜਾਂਦਾ ਸੀ ਤੇ ਜਗਤ ਨੂੰ ਉਸ ਦੀ ਛੋਤ ਲੱਗਦੀ ਸੀ।

**ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥**
**ਨੀਚਹੁ ਊਚ ਕਰੈ ਮੇਰਾ ਗੋਬਿੰਦ, ਕਾਹੂ ਤੇ ਨ ਡਰੈ॥**
(ਰਾਗੁ ਮਾਰੂ ਰਵਿਦਾਸ ਜੀਉ ੧੧੦੬)

ਸਰੀਰ ਦੀ ਛੋਹ ਤਾਂ ਸਾਧਾਰਨ ਗੱਲ ਸੀ, ਉਚੀ ਜਾਤੀ ਵਾਲਾ ਸ਼ੂਦਰ ਦੇ ਪਰਛਾਵੇਂ ਨਾਲ ਭੀ ਭਿਟਿਆ ਜਾਂਦਾਸੀ। ਗੋਬਿੰਦ ਭਗਤ ਜੀ ਤੇ ਤ੍ਰੁੱਠ ਪਏ ਤੇ ਅਧਿਆਤਮਕਤਾ ਖੇਤਰ ਵਿਚ ਇਸ ਬੁਲੰਦੀ ਤੱਕ ਪਹੁੰਚਿਆਂ ਕਿ ਪੰਡਿਤ ਜਨ ਸਤਿਕਾਰ ਵਜੋਂ ਡੰਡੋਤ ਕਰਨ ਲੱਗ ਪਏ। ਇਸ ਦੇ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੋਬਿੰਦ ਦੇ ਕਾਰਜ ਨੂੰ ਜਾਰੀ ਰੱਖਿਆ, ਜਾਤੀਵਾਦ ਤੇ ਵਰਨ ਦਾ ਭੇਦ ਮਿਟਾਇਆ, ਸਭ ਨੂੰ ਬਰਾਬਰੀ ਦਾ ਦਰਜਾ ਦਿੱਤਾ। ਜਿਸ ਜੀਵ ਨੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ, ਉਹ ਪਤਿਤ ਨਹੀਂ ਰਹਿਆ, ਸ਼ੂਦਰ ਨਹੀਂ ਰਹਿਆ ਉੱਚੀ ਤੇ ਸ੍ਰੇਸ਼ਟ ਕੁੱਲ ਵਾਲਾ ਬਣਿਆ। ਕਾਇਅਰਤਾ ਖੰਭ ਲਾ ਕੇ ਉੱਡ ਗਈ, ਨਿਰਭੈਤਾ ਰਿਦੇ ਵਿੱਚ ਪਰਵੇਸ਼ ਕਰ ਗਈ। ਉਹ ਏਨਾ ਉੱਚਾ ਹੋ ਗਿਆ ਕਿ ਕਾਹੂ ਤੇ ਨ ਡਰਨ ਵਾਲੀ ਗੱਲ ਸਾਧਾਰਣ ਬਣ ਗਈ।

ਸ਼ੂਦਰ :- ਸ਼ੂਦਰ ਨੂੰ ਕੋਈ ਅਧਿਕਾਰ ਨਹੀਂ ਸੀ ਕਿ ਉਹ ਕੋਈ ਸੁਤੰਤਰ ਕਾਰਜ ਕਰ ਸਕੇ। ਉਸ ਦਾ ਧਰਮ ਤਿੰਨਾਂ ਵਰਨਾਂ ਦੀ ਸੇਵਾ ਕਰਕੇ ਨਿਰਬਾਹ ਕਰਨਾ ਸੀ। ਧਾਰਮਕ ਕਾਰਜਾਂ ਜਾਂ ਰਸਮਾਂ ਰੀਤਾਂ ਨਾਲ ਉਸ ਦਾ ਸੰਬੰਧ ਨਹੀਂ ਸੀ ਬਲਕਿ ਪੰਡਤਾਂ ਅਨੁਸਾਰ ਤਾਂ ਉਹ ਜਪ ਤਪ ਕਰਨ ਨਾਲ ਹੋਰ ਪਤਿਤ ਹੋ ਜਾਂਦਾ ਸੀ। ਗੁਰੂ ਘਰ ਨੇ ਦੁਰਕਾਰਿਆਂ ਹੋਇਆਂ ਜੀਵਾਂ ਨੂੰ ਗਲੇ ਲਗਾਇਆ, ਸੰਗਤ ਵਿਚ ਮਾਣ ਤੇ ਸਤਿਕਾਰ ਬਖ਼ਸ਼ਿਆਂ। ਜਿਸ ਨੇ ਸਤਿਗੁਰੂ ਅੱਗੇ ਆਪਣਾ ਸੀਸ ਵੇਚਿਆ ਉਸ ਦੀ ਜਾਤ ਪਾਤ ਸਭ ਖਤਮ ਹੋ ਗਈ ਤੇ ਉਹ ਸੱਚੇ ਸਤਿਗੁਰੂ ਦੀ ਸੁੱਚੀ ਜਾਤੀ ਨਾਲ ਅਭੇਦ ਹੋ ਗਿਆ।

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ
ਹਮ ਵੇਚਿਓ ਸਿਰੁ ਗੁਰ ਕੇ॥ (ਸੂਹੀ ਮ: ੪, ਪੰਨਾ ੭੩੧)

ਐਸੇ ਗੁਰ ਸਿੱਖ ਦੀ ਹੀਣ-ਭਾਵਨਾ ਜਿਸ ਨੇ ਉਸ ਦੀ ਆਤਮਾ ਨੂੰ ਕੁਚਲਿਆ ਹੋਇਆ ਸੀ, ਸਦਾ ਲਈ ਅਲੋਪ ਹੋ ਗਈ। ਉਸ ਨੂੰ ਗਿਆਨ ਹੋ ਗਿਆ ਕਿ ਨਾਮ ਜਪਣ ਵਾਲਾ, ਭਾਵੇਂ ਕਿਸੇ ਜਾਤੀ ਜਾਂ ਵਰਨ ਦਾ ਹੋਵੇ, ਸ੍ਰੇਸ਼ਟ ਕੁੱਲ ਵਾਲਾ ਹੈ ਤੇ ਉੱਚੀ ਜਾਤਿ ਦਾ ਗੁਰਮੰਤਰ ਹੀਨਸ ਪ੍ਰਾਣੀ ਨੀਚ ਜਾਤੀ ਨਾਲ ਸੰਬੰਧਿਤ ਹੈ। ਪਾਵਨ ਹੁਕਮ ਹੈ :-

ਨਾਨਕ ਨਾਵੈ ਬਾਝੁ ਸਨਾਤਿ॥
(ਆਸਾ ਮ:੧, ਪੰਨਾ ੩੪੯)

ਖਾਲਸੇ ਨੇ ਸੇਵਾ ਦੇ ਅੰਗਾਂ ਨੂੰ ਆਪਣੀ ਰਹਿਣੀ ਸਹਿਣੀ, ਕਰਨੀ ਤੇ ਕਥਨੀ ਵਿੱਚ ਬਹੁਤ ਉੱਚਾ ਸਥਾਨ ਦਿੱਤਾ। ਆਤਮ-ਸਮਰਪਨ, ਗਰੀਬੀ, ਸਹਿਨ ਸ਼ਕਤੀ, ਸਤਿਕਾਰ, ਨਿਮਰਤਾ ਤੇ ਮਿਠਾਸ ਜੈਸੇ ਗੁਣਾਂ ਨੇ ਖਾਲਸੇ ਨੂੰ ਸੁਗੰਧਤ ਕਰ ਦਿੱਤਾ। ਅਨਿਕ ਭਾਂਤ ਦੀ ਸੇਵਾ ਕਰਨ ਦਾ ਸਾਡੇ ਲਈ ਪਾਵਨ ਹੁਕਮ ਹੈ। ਇਸ ਨਾਲ ਸਿੱਖ ਦੀ ਹੇਠੀ ਨਹੀਂ ਹੁੰਦੀ, ਮਨ ਨੀਵਾਂ ਤੇ ਨਿਰਮਲ ਹੁੰਦਾ ਹੈ, ਸੁਰਤਿ ਉੱਚੀ ਤੇ ਸੁੱਚੀ।

(ਬਾਕੀ ਪੰਨਾ ੨੬ ਤੇ.......)


www.AKJ.Org

# ਖ਼ਾਲਸਾ ਅਕਾਲ ਪੁਰਖ ਕੀ ਫ਼ੌਜ

(ਡਾ: ਕੁਲਦੀਪ ਕੌਰ)

ਦਸਮੇਸ਼ ਪਿਤਾ ਦੀ ਰਚਨਾ *'ਬਚਿਤ੍ਰ ਨਾਟਕ'* ਵਿੱਚ ਜੋ ਬਚਿਤ੍ਰ ਕਥਾ ਬਿਆਨ ਕੀਤੀ ਗਈ ਹੈ, ਉਹ ਸੱਚ ਸਿਰਜਣਹਾਰੇ ਦਾ ਇੱਕ ਸੱਚਾ ਨਾਟਕ ਹੀ ਤਾਂ ਹੈ। ਇਸ ਰਾਹੀਂ ਪਾਰਬ੍ਰਹਮ ਦੀ ਲੀਲ੍ਹਾ ਹੀ ਪ੍ਰਗਟ ਹੁੰਦੀ ਹੈ। ਹੇਮ ਕੁੰਟ ਵਾਲੇ ਤਪੱਸਵੀ ਨੇ *'ਤਹ ਹਮ ਅਧਿਕ ਤਪੱਸਿਆ ਸਾਧੀ'* ਕਹਿ ਕੇ *'ਦ੍ਵੈ ਤੇ ਏਕ ਰੂਪ ਹੁਇ ਗਇਓ'* ਵਾਲੇ ਪਦ ਤੇ ਪਹੁੰਚਦਿਆਂ, ਪਾਰਬ੍ਰਹਮ ਨਾਲ ਅਭੇਦਤਾ ਵਾਲੀ ਅਵਸਥਾ ਅਤੇ ਮੇਲ-ਆਨੰਦ ਦੇ ਰਸ ਰੰਗ ਨਾਲੋਂ ਵਿਛੋੜਾ ਸਹਾਰਨਾ ਮਨਜ਼ੂਰ ਕੀਤਾ ਅਤੇ ਪਿਤਾ ਪਰਮੇਸ਼ਰ ਦੀ ਆਗਿਆ ਨਾਲ ਇਸ ਸੜਦੇ ਬਲਦੇ ਸੰਸਾਰ ਵਿੱਚ ਨਾਮ ਅੰਮ੍ਰਿਤ ਦੀ ਵਰਖਾ ਕਰਨ ਵਾਲੀ ਜੋਤ ਦੇ ਪ੍ਰਕਾਸ਼ ਹਿੱਤ ਦਸਵਾਂ ਜਾਮਾ ਧਾਰ ਕੇ ਜੀਵ-ਉਧਾਰ ਵਾਸਤੇ ਸੰਸਾਰ ਵਿੱਚ ਆਏ। ਪ੍ਰਭੂ ਚਰਨਾਂ ਨਾਲੋਂ ਵਿਛੜਨਾ ਨਹੀਂ ਸੀ ਚਾਹੁੰਦੇ ਪਰ :-

ਜੈਸੀ ਆਗਿਆ ਕੀਨੀ ਠਾਕੁਰਿ
ਤਿਸ ਤੇ ਮੁਖੁ ਨਹੀ ਮੋਰਿਓ।।
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ,
ਉਠਿ ਉਆਹੂ ਕਉ ਦਉਰਿਓ।।੨।। (੧੦੦੦)

ਸੰਸਾਰ ਦੇ ਲੋਕਾਂ ਨੂੰ ਪ੍ਰਭੂ ਪਿਤਾ ਦਾ ਹੁਕਮ ਮੰਨਣ ਦਾ ਪਾਠ ਪੜ੍ਹਾਇਆ। ਨਾ ਚਾਹੁੰਦਿਆਂ ਹੋਇਆਂ ਵੀ ਸਰੀਰਕ ਵਿਛੋੜਾ ਤਾਂ ਸਹਾਰਿਆ ਪਰ ਸੁਰਤੀ ਦਾ ਮੇਲ ਨਹੀਂ ਟੁੱਟਣ ਦਿੱਤਾ :-

ਚਿਤ ਨ ਭਯੋ ਹਮਰੋ ਆਵਨ ਕਹ।।
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।।
(ਬਚਿਤ੍ਰ ਨਾਟਕ)

*'ਪੰਥ ਪ੍ਰਚੁਰ ਕਰਬੇ ਕਉ ਸਾਜਾ'* ਦੇ ਆਦੇਸ਼ ਦੀ ਪੂਰਨਤਾ ਵਾਸਤੇ ਪੈਂਡਾ ਆਰੰਭ ਹੋਇਆ। ਪ੍ਰਭੂ ਚਰਨਾਂ ਵਿੱਚ ਜੁੜੀ ਹੋਈ ਸੁਰਤ ਨੇ ਮਾਤ ਲੋਕ ਵਿੱਚ ਆ ਕੇ ਇਸ ਇਕਰਾਰ ਨਾਮੇ ਤੇ ਪਹਿਰਾ ਦਿੱਤਾ :-

ਤਵੱਕ ਨਾਮ ਰਤਿਅੰ। ਨ ਆਨ ਮਾਨ ਮੱਤਿਅੰ।
ਪਰਮ ਧਿਆਨ ਧਾਰੀਅੰ। ਅਨੰਤ ਪਾਪ ਟਾਰੀਅੰ।
ਤੁਮੇਵ ਰੂਪ ਰਾਚਿਅੰ। ਨ ਆਨ ਦਾਨ ਮਾਚਿਅੰ।
ਤਵੱਕ ਨਾਲ ਉਚਾਰਿਅੰ। ਅਨੰਤ ਦੂਖ ਟਾਰਿਅੰ।
(ਬਚਿਤ੍ਰ ਨਾਟਕ)

ਅਤੇ ਉਚਿਤ ਸਮਾਂ ਆਉਣ ਤੇ
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ।

ਦੇ ਆਦਰਸ਼ ਲਈ 'ਖੰਡੇ ਦੀ ਪਾਹੁਲ' ਦੁਆਰਾ

ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
(ਭਾਈ ਗੁਰਦਾਸ ਜੀ, ਵਾਰ ੫, ਪਉੜੀ ਪਹਿਲੀ)

ਸੰਨ ੧੬੯੯ ਈ: ਦੀ ਵਿਸਾਖੀ ਅਨੰਦਪੁਰ ਵਿੱਚ ਸੰਗਤਾਂ ਦਾ ਭਰਪੂਰ ਇੱਕਠ। ਸੀਸ ਭੇਟ ਕਰਨ ਵਾਲਿਆਂ ਦੀ ਅਦੁਤੀ ਝਾਕੀ, ਖੰਡੇ ਬਾਟੇ ਦੇ ਅੰਮ੍ਰਿਤ ਦੁਆਰਾ ਖ਼ਾਲਸੇ ਦੀ ਸਿਰਜਨਾ। ਉਪਰੰਤ, ਗੁਰੂ ਵਲੋਂ ਆਪਣੇ ਸਿਰਜੇ ਖਾਲਸੇ ਦੇ ਸਨਮੁਖ ਸੀਸ ਝੁਕਾ ਅੰਮ੍ਰਿਤ ਦੀ ਦਾਤ ਲਈ ਅਰਜ਼ੋਈ *'ਗੁਰ ਚੇਲਾ, ਚੇਲਾ ਗੁਰੂ'* ਦਾ ਪ੍ਰਤੱਖ ਸਰੂਪ ਸੰਗਤ ਦੇ ਸਾਹਮਣੇ। ਇਹ ਕੌਤਕ, ਇਹ ਲੀਲ੍ਹਾ ਵਿਚਿਤ੍ਰਤਾ ਦੀ ਹੱਦ ਸੀ। ਇਹ ਇਕ ਬਚਿਤ੍ਰ ਨਾਟਕ ਸੀ ਜੋ ਹੇਮ ਕੁੰਟ ਤੋਂ ਪਿਛੋਂ ਧਰਤੀ ਉਤੇ ਦ੍ਰਿਸ਼ਟੀ ਗੋਚਰ ਹੋਇਆ। ਰਣ ਭੂਮੀ ਵਿੱਚ ਚਿੜੀਆਂ ਨੇ ਬਾਜ ਅਤੇ ਗਿੱਦੜਾਂ ਨੇ ਸ਼ੇਰ ਬਣ ਕੇ ਵਿਖਾਇਆ। ਸੱਚ ਸਰੂਪ ਨੇ ਸਿਰਜੇ ਇਸ ਨਾਟਕ ਦੇ ਪਾਤਰ ਐਕਟਿੰਗ ਕਰਕੇ ਫਿਰ ਪੁਰਾਣੀ ਵੇਸ਼ ਭੂਸ਼ਾ ਧਾਰਨ ਵਾਲੇ ਨਹੀਂ ਸਨ। *'ਪੂਰੇ ਕਾ ਕੀਆ ਸਭ ਕਿਛੁ ਪੂਰਾ...........।'*, ਸਿਰਜੇ ਦਾ ਸਿਰਜਿਆ ਨਾਟਕ ਸੱਚਾ, ਸੱਚੇ ਨਾਟਕ ਦੇ ਪਾਤਰ ਸੱਚੇ। ਖੰਡੇ ਦੀ ਪਾਹੁਲ ਨੇ ਸਦਾ ਸਦਾ ਲਈ ਰੂਪ ਪਰਿਵਰਤਨ ਕਰ ਦਿੱਤਾ। ਅਕਾਲ ਪੁਰਖ ਦਾ ਹੁਕਮ, ਅਕਾਲੀ ਬਾਣੀ ਦੀ ਸ਼ਕਤੀ, ਸਰਬ ਲੋਹ ਦੇ ਖੰਡੇ ਬਾਟੇ ਦਾ ਨਿਰਮਲ ਜਲ, ਪ੍ਰਤਾਸਿਆਂ ਦੀ ਮਿਠਾਸ, ਅੰਮ੍ਰਿਤ ਪੀਵੇ ਅਮਰੁ ਸੁ ਹੋਇ, ਵਾਲੀ ਅਵਸਥਾ ਪੈਦਾ ਹੋਣੀ ਹੀ ਸੀ। ਅਜਿਹੀ ਅਮੋਲਕ ਦਾਤ ਦੇ ਸਿਰਜਕ ਗੁਰੂ ਨੇ ਵੀ ਅੰਮ੍ਰਿਤ ਦੇ ਗਟਾਕ ਪੀਣ ਦਾ ਅਵਸਰ ਨਾ ਖੁੰਝਾਇਆ। ਆਪਣੇ ਵਰਗਾ ਖਾਲਸਾ ਸਾਜ ਕੇ ਆਪਣਾ ਗੁਰੂ ਬਣਾ ਲਿਆ। ਅਕਾਲ ਪੁਰਖ ਤੇ ਦਸਮੇਸ਼ ਪਿਤਾ ਦੀ ਅਭੇਦਤਾ ਵਿਚੋਂ ਦਸਮੇਸ਼ ਤੇ ਖਾਲਸੇ ਦੀ ਇੱਕਰੂਪਤਾ ਪ੍ਰਗਟ ਹੋਈ।

ਅੰਮ੍ਰਿਤ ਛਕਾ ਕੇ ਖਾਲਸਾ ਸਾਜਿਆ। ਖ਼ਾਲਸੇ ਕੋਲੋਂ ਅੰਮ੍ਰਿਤ ਛਕ ਕੇ ਆਪ ਖ਼ਾਲਸਾ ਪੰਥ ਦਾ ਅੰਗ ਬਣੇ। ਗੁਰੂ ਅਤੇ ਖ਼ਾਲਸੇ ਦੇ ਸਾਮ੍ਹਣੇ ਇੱਕ ਆਦਰਸ਼ ਸਥਾਪਤ ਹੋ ਗਿਆ। ਖ਼ਾਲਸਾ ਭੁੱਲ ਕਰੇ ਤਾਂ ਗੁਰੂ ਉਸ ਨੂੰ ਦੰਡ ਦੇਵੇ, ਤਨਖ਼ਾਹ ਲਾ ਕੇ ਗਲਤੀ ਦਾ ਪਸਚਾਤਾਪ ਕਰਵਾਏ। ਗੁਰੂ ਖ਼ਾਲਸੇ ਦੀ ਪਰੀਖਿਆ ਲੈਣ ਲਈ ਗੁਰੂ ਪਿਤਾ ਆਪ ਭੁੱਲ ਕਰਕੇ, ਨਿਪੁੰਨਤਾ ਤੱਕ ਪਹੁੰਚੇ ਖ਼ਾਲਸੇ


www.AKJ.Org

ਕੋਲੋਂ ਤਨਖਾਹ ਲੁਆ ਕੇ ਪਸਚਾਤਾਪ ਕਰੇ। ਕਿੰਨੇ ਵਚਿਤ੍ਰ ਹਨ ਇਹ ਨਾਟਕੀ ਕੌਤਕ।' ਵਾਲਾ ਇੱਕ ਹੋਰ ਬਚਿਤ੍ਰ ਨਾਟਕ ਦੀ ਸਿਰਜਨਾ ਹੀ ਤਾ ਕਰ ਰਿਹਾ ਸੀ। ਅਕਾਲ ਪੋਰਖ ਦਾ ਇਹ ਹੁਕਮ :

ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨਿ ਪਕਰਿ ਪਛਾਰੋ।
(ਬਚਿਤ੍ਰ ਨਾਟਕ)

ਦਸਮੇਸ਼ ਪਿਤਾ ਰਾਹੀਂ ਖ਼ਾਲਸੇ ਤੱਕ ਪਹੁੰਚਿਆ। ਗੁਰੂ ਤੇ ਚੇਲਾ ਇੱਕੋ ਹੁਕਮ ਦੇ ਪਾਲਣ ਵਿੱਚ ਜੁੱਟ ਗਏ। ਨਾਮ ਖੰਡੇ ਦੇ ਆਸਰੇ ਖ਼ਾਲਸੇ ਨੇ ਮੈਦਾਨਿ ਜੰਗ ਵਿੱਚ ਫ਼ੌਲਾਦੀ ਖੰਡਾ ਖੜਕਾ ਕੇ ਜ਼ਾਲਮਾਂ ਨੂੰ ਨੱਥ ਪਾਉਣੀ ਆਰੰਭ ਕਰ ਦਿੱਤੀ। ਖ਼ਾਲਸੇ ਦੇ ਬੀਰ ਰਸੀ ਕਰਤੱਵ ਵੇਖ ਕੇ ਹੀ ਤਾਂ ਭਾਈ ਗੁਰਦਾਸ (ਸਿੰਘ) ਜੀ ਨੇ ਬਲਿਹਾਰ ਜਾਂਦਿਆਂ ਹੋਇਆ ਇਨ੍ਹਾਂ ਦਾ ਵਰਨਣ ਬੜੀ ਭਾਵ ਭਿੰਨੀ ਸ਼ੈਲੀ ਵਿੱਚ ਕੀਤਾ ਹੈ :

ਓਹ ਗੁਰੁ ਗੋਬਿੰਦ ਹੁਇ ਪ੍ਰਗਟਿਆ ਦਸਵੇਂ ਅਵਤਾਰਾ।
ਜਿਨ ਅਲਖ ਅਕਾਲ ਨਿਰੰਜਨਾ, ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖ਼ਾਲਸਾ, ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ, ਗਹਿ ਖੜਗ ਕੋ, ਸਭ ਦੁਸ਼ਟ ਪਛਾਰਾ।
ਸੀਲ ਜਤ ਕੀ ਕਛ ਪਹਿਰਿ, ਪਕੜਿਓ ਹਥਿਆਰਾ।
ਸਚ ਫ਼ਤੇ ਬੁਲਾਈ ਗੁਰੂ ਕੀ, ਜੀਤਿਓ ਰਣ ਭਾਰਾ।
(ਵਾਰ ੫, ਪਉੜੀ ੧੫)

ਗੁਰਬਰ ਅਕਾਲ ਕੇ ਹੁਕਮ ਸੋ ਉਪਜਿਓ ਬਿਗਿਆਨਾ।
ਤਬ ਸਹਿਜੇ ਰਚਿਓ ਖ਼ਾਲਸਾ, ਸਾਬਤ ਮਰਦਾਨਾ।
ਇਉਂ ਉਠੇ ਸਿੰਘ ਭਬਕਾਰ ਕੈ, ਸਭ ਜਗ ਡਰਪਾਨਾ।
(ਵਾਰ ੫, ਪਉੜੀ ੧੬)

ਨਿਮਾਣਿਆਂ, ਨਿਤਾਣਿਆਂ, ਲਿਤਾੜਿਆਂ, ਦਲਿਤਾਂ ਦੇ ਹੱਥਾਂ ਵਿੱਚ ਸ਼ਸਤ੍ਰ ਫੜਾ ਕੇ ਅਜਿਹੇ ਬੀਰ ਰਸੀ ਕੌਤਕ ਵਰਤਾਏ ਕਿ ਜ਼ਾਲਮ ਹਕੂਮਤ ਦੇ ਪਾਲੇ ਹੋਏ ਖੂੰਖਾਰ ਲੜਾਕੂ ਦੁਮ ਦਬਾ ਕੇ ਨੱਸਣ ਲਈ ਮਜ਼ਬੂਰ ਹੋ ਗਏ। ਸ਼ਸਤ੍ਰਾਂ ਤੋਂ ਡਰਨ ਵਾਲਿਆਂ ਨੂੰ ਕਲਪਿਤ ਦੇਵਤਿਆਂ ਦੀ ਪੂਜਾ ਤੋਂ ਹਟਾ ਕੇ ਅਕਾਲ ਨਾਲ ਜੋੜਿਆ ਅਤੇ ਮੈਦਾਨਿ ਜੰਗ ਵਿੱਚ ਜੂਝਣ ਲਈ ਸਾਸ਼ਤ੍ਰਾਂ ਦੀ ਮਹਾਨਤਾ ਇੰਜ ਦਰਸਾਈ :

ਅਸ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ।।
ਸੈਫ ਸਰੋਹੀ ਸੈਥੀ ਯਹੈ ਹਮਾਰੈ ਪੀਰ।।
ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਲਵਾਰ।।
ਨਾਮ ਤਿਹਾਰੋ ਜੋ ਜਪੈ, ਭਯੇ ਸਿੰਧ ਭਵ ਪਾਰ।।
ਕਾਲ ਤੁਹੀ, ਕਾਲੀ ਤੁਹੀ, ਤੁਹੀ ਤੇਗ ਅਰੁ ਤੀਰ।।
ਤੁਹੀ ਨਿਸਾਨੀ ਜੀਤ ਕੀ, ਆਜ ਤੁਹੀ ਜਗ ਬੀਰ।।
(ਸ਼ਸਤ੍ਰ ਮਾਲਾ)

ਅਕਾਲ ਪੁਰਖ ਦੀ ਬਖ਼ਸ਼ਿਸ਼ ਨਾਲ ਹੀ ਤੇਗ ਦੀ ਪ੍ਰਾਪਤੀ ਹੋਈ ਜਿਸਦੇ ਪ੍ਰਚੰਡ ਤੇਜ ਨਾਲ ਦੁਰਮਤ ਨੂੰ ਦਰੜ ਕੇ ਦੁਸ਼ਟਾਂ ਦਾ ਨਾਸ਼ ਕੀਤਾ ਜਾਣ ਲੱਗਾ ਅਤੇ ਸੰਤ ਉਬਾਰਨ ਦੀ ਕ੍ਰਿਆ ਆਰੰਭ ਹੋਈ :

ਖਗ ਖੰਡ ਬਿਹੰਡੰ, ਖਲ ਦਲ ਖੰਡੰ,
ਅਤਿ ਰਣ ਮੰਡੰ, ਬਰਬੰਡੰ।।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ,
ਜੋਤਿ ਅਮੰਡੰ, ਭਾਨ ਪ੍ਰਭੰ।।
ਸੁਖ ਸੰਤਾ ਕਰਣੰ, ਦੁਰਮਤਿ ਦਰਣੰ,
ਕਿਲਬਿਖ ਹਰਣੰ, ਅਸ ਸਰਣੰ।।
ਜੈ ਜੈ ਜਗ ਕਾਰਣ, ਸ੍ਰਿਸ਼ਟਿ ਉਬਾਰਣ,
ਮਮ ਪ੍ਰਤਿਪਾਰਣ ਜੈ ਤੇਗੰ।।
(ਬਚਿਤ੍ਰ ਨਾਟਕ)

ਤੇਗ ਉਲਾਰਣ ਵਾਲੇ ਨੂੰ ਤੇਗ ਦਾ ਵਾਰ ਵੀ ਤਾਂ ਸਹਿਣਾ ਪੈਂਦਾ ਹੈ। ਤੇਗ ਤੋਂ ਡਰਨ ਵਾਲਾ, ਜਿੰਦ ਨੂੰ ਪਿਆਰ ਕਰਨ ਵਾਲਾ ਜੰਗ ਵਿੱਚ ਜੂਝ ਨਹੀਂ ਸਕਦਾ। ਜਿੰਦ ਵਾਰਨ ਦਾ ਉਪਦੇਸ਼ ਤਾਂ ਪਹਿਲੀ ਗੁਰੂ ਜੋਤ ਕੋਲੋਂ ਹੀ ਮਿਲ ਚੁਕਿਆ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।
(ਪੰਨਾ ੧੪੧੨)

ਪੰਚਮ ਪਾਤਸ਼ਾਹ ਦੇ ਦਰਬਾਰ ਵਿੱਚ ਵੀ ਮੌਤ ਨੂੰ ਗਲਵਕੜੀ ਪਾਉਣ ਵਾਲੇ ਹੀ ਪਰਵਾਨ ਚੜ੍ਹ ਸਕਦੇ ਹਨ :

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।।
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ।।
(ਪੰਨਾ ੧੧੦੨)

ਆਪਾ ਵਾਰਨ ਵਾਲਿਆਂ ਨੂੰ ਹੀ ਦਸਮੇਸ਼ ਪਿਤਾ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ ਸੀ। ਪੁਰਜਾ ਪੁਰਜਾ ਕਟ ਮਰਨ ਵਾਲੇ ਹੀ ਕਬੀਰ ਜੀ ਦੀ ਦ੍ਰਿਸ਼ਟੀ ਵਿੱਚ ਸੂਰਮੇ ਹਨ। ਖ਼ਾਲਕ ਦੇ ਪ੍ਰੇਮ ਤੀਰ ਨਾਲ ਦਾਗੇ ਹੀ ਰਣ


www.AKJ.Org

ਵਿੱਚ ਜੂਝ ਸਕਦੇ ਹਨ :

ਦਾਗੇ ਹੋਹਿ ਸੁ ਰਨ ਮਹਿ ਜੂਝਹਿ
ਬਿਨ ਦਾਗੇ ਭਗਿ ਜਾਈ।।
(ਕਬੀਰ ਜੀ, ਪੰਨਾ ੬੭੦)

ਜਿਸ ਨੇ ਖਾਲਕ ਨਾਲ ਪਿਆਰ ਕੀਤਾ ਉਹ ਹੀ ਖ਼ਾਲਕ ਦੀ ਰਚੀ ਖ਼ਲਕਤ ਨੂੰ ਪਿਆਰ ਕਰ ਸਕਦਾ ਹੈ। ਖ਼ਲਕਤ ਦੀ ਦੁੱਖ ਨਵਿਰਤੀ ਲਈ ਖ਼ਾਲਸਾ ਜ਼ਾਲਮਾਂ ਨਾਲ ਲੋਹਾ ਲੈਣ ਲਈ ਸਦਾ ਤਿਆਰ ਰਹਿੰਦਾ ਹੈ। ਅਕਾਲ ਪੁਰਖ ਅੱਗੇ ਵੀ ਖ਼ਾਲਸੇ ਦੀ ਇਹੀ ਅਰਦਾਸ ਰੂਪ ਪ੍ਰਤਿਗਿਆ ਹੁੰਦੀ ਹੈ :

ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ।।
(ਚੰਡੀ ਚਰਿਤ੍ਰ)

ਇਸ ਤਰ੍ਹਾਂ ਸੰਤ ਸਰੂਪ ਸਿੱਖਾਂ ਨੂੰ ਸੂਰਬੀਰ ਸਿਪਾਹੀਆਂ ਦੇ ਰੂਪ ਵਿੱਚ ਪਰਵਿਰਤ ਕੀਤਾ ਗਿਆ। ਪਰ ਵੀਰਤਾ ਸਿਰਫ਼ ਸਰੀਰ ਨਾਲ ਸੰਬੰਧਿਤ ਨਹੀਂ ਹੁੰਦੀ। ਨਿਰਾ ਸਰੀਰਕ ਬਲ ਤਾਂ ਬਘਿਆੜ ਪੈਦਾ ਕਰਦਾ ਹੈ, ਜ਼ਾਲਮ ਬਣਾਉਂਦਾ ਹੈ। ਗੁਰੂ ਤਾਂ ਸਿੰਘਾਂ ਸੂਰਮਿਆਂ ਦੀ ਸੈਨਾ ਤਿਆਰ ਕਰ ਰਿਹਾ ਸੀ ਜਿਸ ਦਾ ਆਦਰਸ਼ ਧਰਮ ਚਲਾਵਨ ਤੇ ਸੰਤ ਉਬਾਰਨ ਸੀ। ਇਸ ਆਦਰਸ਼ ਦੀ ਪੂਰਤੀ ਲਈ ਬਲਵਾਨ ਸਰੀਰ ਦੇ ਨਾਲ ਬਲਵਾਨ ਆਤਮਾ ਜ਼ਰੂਰੀ ਹੈ। ਮਾਨਵ ਆਤਮਾ ਆਪਣੇ ਮੂਲ ਪਰਮ ਆਤਮਾ ਨਾਲ ਇੱਕ ਰੂਪ ਹੋ ਕੇ ਬਲਵਾਨ ਹੋ ਸਕਦੀ ਹੈ। ਇਸ ਇਕਰੂਪਤਾ ਵਿਚੋਂ ਹੀ ਇਸਦਾ ਜਨਮ ਹੋਇਆ ਸੀ ਜਿਸ ਬਾਰੇ ਖ਼ਾਲਸੇ ਦੇ ਸਿਰਜਕ ਪਿਤਾ ਨੇ ਆਖਿਆ ਸੀ :

ਖ਼ਾਲਸਾ ਮੇਰੋ ਰੂਪ ਹੈ ਖ਼ਾਸ।।
ਖ਼ਾਲਸੇ ਮਹਿ ਹੌਂ ਕਰੌਂ ਨਿਵਾਸ।।
ਖ਼ਾਲਸਾ ਮੇਰੋ ਮੁੱਖ ਹੈ ਅੰਗਾ।।
ਖ਼ਾਲਸੇ ਕੇ ਹੌਂ ਸਦ ਸਦ ਸੰਗਾ।।
ਖ਼ਾਲਸਾ ਮੇਰੋ ਇਸ਼ਟ ਸੁਹਿਰਦ।।
ਖ਼ਾਲਸਾ ਮੇਰੋ ਕਹੀਅਤ ਬਿਰਦ।।
-------------------
--ਰੋਮ ਰੋਮ ਜੇ ਰਸਨਾ ਪਾਊਂ।।
ਤਦਪ ਖ਼ਾਲਸਾ ਜਸ ਤਹਿ ਗਾਊਂ।।
ਹੌਂ ਖ਼ਾਲਸੇ ਕੋ ਖ਼ਾਲਸਾ ਮੇਰੋ।।
ਓਤ ਪੋਤ ਸਾਗਰ ਬੂੰਦੇਰੋ।।
(ਸਰਬ ਲੋਹ ਗ੍ਰੰਥ)

ਖ਼ਾਲਸੇ ਦੀ ਇਸ ਪਦ ਉੱਤੇ ਸਦਾ ਸਦਾ ਸਥਾਪਤੀ ਲਈ ਇਹ ਸ਼ਰਤ ਵੀ ਲਾਈ ਸੀ :

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ।।
ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ।।
ਜਬ ਲਗ ਖ਼ਾਲਸਾ ਰਹੇ ਨਿਆਰਾ।।
ਤਬ ਲਗ ਤੇਜ ਦੀਓ ਮੈ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤ।।
ਮੈਂ ਨ ਕਰੋਂ ਇਕ ਕੀ ਪ੍ਰਤੀਤ।।

ਖ਼ਾਲਸੇ ਦੀ ਸ਼ਕਤੀ ਦਾ ਮੂਲ ਸ੍ਰੋਤ ਆਤਮ ਬਲ ਹੈ ਜੋ ਗੁਰ ਪਰਮੇਸ਼ਰ ਨਾਲ ਜੁੜੇ ਰਿਹਾਂ ਹੀ ਕਾਇਮ ਰਹਿ ਸਕਦਾ ਹੈ। ਕੇਵਲ ਬਹੁ ਦੇਵ ਵਾਦ ਤੋਂ ਦੂਰ ਰਹਿਣਾ ਹੀ ਕਾਫ਼ੀ ਨਹੀਂ ਸਗੋਂ ਜੀਵਨ ਦੇ ਹਰ ਖੇਤਰ ਵਿੱਚ ਬਿਪਰਨ ਦੀ ਰੀਤ ਨੂੰ ਤਿਆਗਣਾ ਆਵਸ਼ਕ ਹੈ। ਬਿਪਰਨ ਕੀ ਰੀਤ ਤਿਆਗ ਕੇ ਗੁਰ ਮਰਯਾਦਾ ਅਨੁਸਾਰ ਜੀਵਨ ਢਾਲਣ ਦੀ ਲੋੜ ਹੈ। ਆਤਮ ਰਸ ਤੇ ਆਤਮ ਬਲ ਪਰਸਪਰ ਸੰਬੰਧਿਤ ਹਨ। ਜਾਗਤ ਜੋਤ ਪਰਮਾਤਮ ਸਰੂਪ ਨਾਲ ਜੁੜੇ ਬਿਨਾਂ ਆਤਮ ਰਸ ਨਹੀਂ ਅਤੇ ਆਤਮ ਰਸ ਬਿਨਾਂ ਖ਼ਾਲਸਾ ਨਹੀਂ ਅਖਵਾਇਆ ਜਾ ਸਕਦਾ :

ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।।
ਪ੍ਰਭ ਮਹਿ, ਮੋ ਮਹਿ, ਤਾਸੋ ਮਹਿ, ਰੰਚਕ ਨਾਹਨ ਭੇਵ।।
(ਸਰਬ ਲੋਹ ਗ੍ਰੰਥ)

ਇਸੇ ਲਈ ਉਪਦੇਸ਼ ਹੈ :-

ਜਾਗਤ ਜੋਤ ਜਪੈ ਨਿਸ ਬਾਸੁਰ,
ਏਕ ਬਿਨਾਂ ਮਨ ਨੈਕ ਨ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ, ਗੌਰ, ਮੜੀ, ਮਟ ਭੂਲ ਨ ਮਾਨੈ।।
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ।।
ਪੂਰਨ ਜੋਤ ਜਗੈ ਘਟ ਮੈ,
ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ।।

ਬਾਹਰਲੇ ਵੈਰੀਆਂ ਨਾਲ ਤਾਂ ਹੀ ਸਿਝਿਆ ਜਾ ਸਕਦਾ ਹੈ ਜੇ ਅੰਦਰਲੇ ਵੈਰੀਆਂ ਉੱਤੇ ਵਸੀਕਾਰ ਪ੍ਰਾਪਤ ਹੋਵੇ। ਅਗਿਆਨ ਵੱਸ ਆਂਤ੍ਰਿਕ ਦੋਖੀਆਂ ਦੇ ਪ੍ਰਭਾਵ ਅਧੀਨ ਹੀ ਭਾਰਤ ਵਾਸੀ ਕਾਇਰ ਬਣ ਚੁੱਕੇ ਸਨ। ਵਿਕਾਰ ਗ੍ਰਸਤ ਜੀਵਨ ਭੋਗਦਿਆਂ ਅਜਿਹੀ ਸਥਿਤੀ ਬਣਾ ਚੁੱਕੇ ਸਨ ਮਾਨੋ ਆਪ ਹੀ ਜ਼ਾਲਮ ਨੂੰ ਜ਼ੁਲਮ ਕਰਨ ਲਈ ਨਿਮੰਤ੍ਰਿਤ ਕਰ ਰਹੇ ਹੋਣ। ਦੁਸ਼ਟਾਂ ਨੂੰ ਸੋਧਣ ਦੀ ਯੋਗਤਾ ਪ੍ਰਾਪਤ


www.AKJ.Org

ਤਰਨ ਲਈ ਖ਼ਾਲਸੇ ਦੇ ਸਾਹਮਣੇ ਇਹ ਆਦਰਸ਼ ਤੱਖਿਆ ਗਿਆ :

ਧੰਨ ਜੀਓ ਤਿਹ ਕੋ ਜਗ ਮੈ,
ਮੁਖ ਤੇ ਹਰਿ, ਚਿਤ ਮੈ ਜੁਧੁ ਬਿਚਾਰੈ॥
ਦੇਹ ਅਨਿਤ ਨ ਨਿਤ ਰਹੈ,
ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ,
ਬੁਧ ਸੁ ਦੀਪਕ ਜਿਉ ਉਜਿਆਰੈ॥
ਗਿਆਨਹਿ ਕੀ ਬਢਨੀ ਮਨੋ ਹਾਥ ਲੈ
ਕਾਤਰਤਾ ਕੁਤਵਾਰ ਬੁਹਾਰੈ॥

ਉਪਰੋਕਤ ਗੁਣਾਂ ਵਾਲੇ ਖ਼ਾਲਸੇ ਨੂੰ, ਉਨ੍ਹਾਂ ਦੀਆਂ ਘਾਲਣਾਵਾਂ ਵੇਖਕੇ, ਦਸਮੇਸ਼ ਪਿਤਾ ਨੇ ਜੋ ਮਾਣ ਬਖ਼ਸ਼ਿਆ ਉਹ ਨਿਮਨ ਲਿਖਤ ਸਤਰਾਂ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ :

ਜੁਧ ਜਿਤੇ ਇਨ ਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ,
ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਦਾਤਾ,
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹੀਂ ਮੋ ਸੇ ਗਰੀਬ ਕਰੋਰ ਪਰੇ॥

(ਗਿਆਨ ਪ੍ਰਬੋਧ)

ਖ਼ਾਲਸਾ ਪੰਥ ਦੇ ਸਾਜਨਹਾਰ ਨੇ, ਆਪਣਾ ਰੂਪ ਦੇ ਕੇ ਖ਼ਾਲਸਾ ਫ਼ੌਜਾਂ ਵਿੱਚ ਸਭ ਸ਼ਕਤੀਆਂ ਭਰੀਆਂ। ਦੈਵੀ ਰੰਗਾਂ ਵਿੱਚ ਰੰਗ ਕੇ ਨਾਮ ਜਪਾਇਆ। ਸੀਸ ਤਲੀ ਤੇ ਰੱਖ ਕੇ ਜੰਗ ਵਿੱਚ ਜੂਝਣ ਦੀ ਜਾਚ ਸਿਖਾਈ। ਖੋਪਰੀਆਂ ਉਤਰਵਾਉਂਦੇ, ਬੰਦ ਬੰਦ ਕਟਾਉਂਦੇ, ਚਰਖੜੀਆਂ ਤੇ ਚੜ੍ਹਦੇ ਸਿੰਘਾਂ ਨੂੰ ਮੁਖੜੇ ਤੇ ਮੁਸਕਾਨ ਲਿਆਉਣ ਦੀ ਸ਼ਕਤੀ ਬਖਸ਼ੀ। ਸਿੱਖ ਦੇ *'ਸਦਾ ਅੰਗ ਸੰਗੇ'* ਰਹਿ ਕੇ ਅੰਤਾਂ ਦਾ ਬਲ ਭਰਦੇ ਰਹੇ, ਪਰ ਪ੍ਰੇਮ, ਪਰਉਪਕਾਰ, ਭਗਤੀ ਤੇ ਵੀਰਤਾ ਦੇ ਕਾਰਨਾਮਿਆਂ ਨੂੰ ਖ਼ਾਲਸੇ ਦਾ ਕ੍ਰਿਸ਼ਮਾ ਹੀ ਮੰਨਿਆ ਅਤੇ ਖ਼ਾਲਸੇ ਲਈ ਕੁਰਬਾਨ ਹੋਣ ਵਾਸਤੇ ਆਪਣੀ ਭਾਵਨਾ ਨੂੰ ਇਸ ਤਰ੍ਹਾਂ ਪ੍ਰਗਟਾਇਆ :

ਸੇਵ ਕਰੀ ਇਨ ਹੀ ਕੀ ਭਾਵਤ,
ਅਉਰ ਕੀ ਸੇਵ ਸੁਹਾਤ ਨ ਜੀ ਕੋ॥
ਦਾਨ, ਦਯੋ ਇਨ ਹੀ ਕੋ ਭਲੋ,
ਅਰ ਆਨ ਕੋ ਦਾਨ ਨ ਲਾਗਨ ਨੀਕੋ॥
ਆਗੈ ਫਲੈ ਇਨ ਹੀ ਕੋ ਦਯੋ,
ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹਿ ਮੈ ਤਨ ਤੇ ਮਨ ਤੇ,
ਸਿਰ ਲੌ ਧਨ ਹੈ ਸਭ ਹੀ ਇਨ ਹੀ ਕੋ॥

(ਗਿਆਨ ਪ੍ਰਬੋਧ)

ਇਹ ਕੁੱਝ ਕਿਹਾ ਹੀ ਨਹੀਂ ਸਗੋਂ ਕਰਕੇ ਵਿਖਾਇਆ। ਕਥਨੀ ਤੇ ਕਰਨੀ ਵਿੱਚ ਪੂਰਾ ਸੁਮੇਲ ਰੱਖਿਆ। ਸਰਹੰਦ ਦੀਆਂ ਨੀਹਾਂ, ਠੰਢਾ ਬੁਰਜ, ਚਮਕੌਰ ਦਾ ਯੁੱਧ, ਮਾਛੀਵਾੜੇ ਦਾ ਜੰਗਲ ਇਸ ਤੱਥ ਦੀ ਗਵਾਹੀ ਭਰਦੇ ਹਨ। ਖ਼ਾਲਸੇ ਦੀ ਸੰਪੂਰਨ ਸਖਸ਼ੀਅਤ ਅਤੇ ਅਥਾਹ ਸ਼ਕਤੀ ਉੱਤੇ ਇਨ੍ਹਾਂ ਦ੍ਰਿੜ੍ਹ ਵਿਸ਼ਵਾਸ਼ ਕਿ ਔਰੰਗਜ਼ੇਬ ਨੂੰ ਪੱਤਰ ਲਿਖਦਿਆਂ ਹੋਇਆਂ, ਆਪਣੀ ਸ਼ਕਤੀ ਬਾਰੇ ਨਹੀਂ ਸਗੋਂ ਖ਼ਾਲਸੇ ਦੀ ਤਾਕਤ ਬਾਰੇ ਹੀ ਸੁਚੇਤ ਕੀਤਾ :

ਚਿਹ ਸ਼ੁਦ ਕੀ ਚੂੰ ਬਚਗਾਂ ਕੁਸ਼ਤਹ ਚਾਰ॥
ਕਿ ਬਾਕੀ ਬਿਮਾਂਦਸਤ ਪੇਚੀਦਾਹ ਮਾਰ॥

(ਜਫ਼ਰਨਾਮਾ)

ਅੱਜ ਕਿੱਥੇ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਰਜਿਆ ਖ਼ਾਲਸਾ ? ਗੁਰੂ ਦੇ ਖ਼ਾਸ ਰੂਪ ਖ਼ਾਲਸੇ ਅਤੇ ਅੱਜ ਦੇ ਖ਼ਾਲਸੇ ਵਿੱਚ ਇੰਨਾਂ ਅੰਤਰ ਕਿਉਂ ! ਅੱਜ ਉਸ ਦਾ ਸਰੂਪ ਟਾਵਾਂ ਟਾਵਾਂ ਹੀ ਦਿਸਦਾ ਹੈ। *'ਹੈਨਿ ਵਿਰਲੇ ਨਾਹੀ ਘਣੇ'* ਵਾਲੀ ਅਵਸਥਾ ਬਣੀ ਹੋਈ ਹੈ। ਰਵਾਇਤ ਪ੍ਰਸਿੱਧ ਹੈ ਕਿ ਆਪ ਜੀ ਨੇ ਇੱਕ ਵਾਰੀ ਇੱਕ ਨਾਟਕੀ ਚੋਜ ਵਰਤਾਇਆ। ਖੋਤੇ ਉੱਤੇ ਸ਼ੇਰ ਦੀ ਖੱਲ ਪੁਆ ਕੇ ਸਿੱਖ ਸੰਗਤਾਂ ਦੇ ਸਾਹਮਣੇ ਭੇਜਿਆ। ਕਮਜ਼ੋਰ ਦਿਲ ਡਰ ਕੇ ਭੱਜ ਉੱਠੇ। ਅਸਲੀਅਤ ਦਾ ਪਤਾ ਲੱਗਣ ਤੇ ਖ਼ੂਬ ਹਾਸਾ ਮੱਚਿਆ। ਸਿੱਖ ਦਾ ਕੇਵਲ ਬਾਹਰੀ ਸਰੂਪ ਹੀ ਖ਼ਾਲਸਾ ਨਹੀਂ। ਆਤਮ ਸਰੂਪ ਬਿਨਾਂ ਇਸ ਵਿੱਚ ਸ਼ਕਤੀ ਨਹੀਂ ਹੋ ਸਕਦੀ। ਇਹ ਤਾਂ ਖੋਤੇ ਉੱਤੇ ਸ਼ੇਰ ਦੀ ਖੱਲ ਪੁਆਉਣ ਵਾਲੀ ਗੱਲ ਹੈ। ਆਓ ! ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ ਕਿ ਕੀ ਅਸੀਂ *'ਪਰਮਾਤਮ ਦੀ ਮੌਜ'* ਨਾਲ ਸਿਰਜੀ ਗਈ ਫ਼ੌਜ ਦੇ ਸਿਪਾਹੀ ਅਖਵਾਉਣ ਦੇ ਹੱਕ ਦਾਰ ਹਾਂ ? ਕੀ ਪਰਮ ਸੱਤਾ ਨਾਲ ਲਿਵਤਾਰੀ ਹੋ ਕੇ ਆਤਮ ਬਲ ਪ੍ਰਾਪਤ ਕਰਨ ਲਈ ਯਤਨ ਸ਼ੀਲ ਹਾਂ ? ਜੇ ਨਹੀਂ ਤਾਂ 1999 ਦੀ ਵਿਸਾਖੀ ਤੱਕ ਆਪਣੇ ਆਪ ਨੂੰ ਖ਼ਾਲਸਾ ਪਦ ਦੇ ਅਧਿਕਾਰੀ ਬਨਾਉਣ ਲਈ ਹੁਣ ਹੀ ਘਾਲਣਾ ਆਰੰਭ ਦੇਈਏ ਤੇ ਗੁਰੂ ਪਿਤਾ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੀਏ। ■■■■■■■■


www.AKJ.Org

# ਖਾਲਸੇ ਦੀ ਸਾਜਨਾ

(ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ))

ਸ਼ੇਰ ਮਰਦ ਸਜਿਆ ਤਖ਼ਤ ਕੇਸਗੜ੍ਹ ਤੇ, ਫੜੀ ਹੱਥ ਦੇ ਵਿੱਚ ਸ਼ਮਸ਼ੀਰ ਹੈਸੀ।
ਲੋੜ ਪੈ ਗਈ ਕੋਈ ਅੱਜ ਆਓ ਅੱਗੇ ! ਸੀਸ ਮੰਗਦਾ ਜੱਗ ਦਾ ਪੀਰ ਹੈਸੀ।
ਹੋ ਕੇ ਪੰਜ ਦਰਗਾਹੋਂ ਪਰਵਾਣ ਨਿੱਤਰੇ, ਅਰਪਨ ਜਿਨ੍ਹਾਂ ਨੇ ਕੀਤੇ ਸਰੀਰ ਹੈਸੀ।
ਕਰ ਕੇ ਤੰਬੂ ਦੇ ਵਿੱਚ ਅਸਚਰਜ ਕੌਤਕ, ਮੁੱਠ ਮਿੱਟੀ ਤੋਂ ਕੀਤੇ ਅਕਸੀਰ ਹੈਸੀ।
ਭਾਗਾਂ ਭਰੀ ਵਿਸਾਖੀ ਦੇ ਦਿਨ ਆ ਕੇ, ਪਾਸਾ ਪਰਤਿਆ ਸੁੱਤੀ ਤਕਦੀਰ ਹੈਸੀ।
ਰੱਬ ਰੂਪ ਆਈ *'ਮਿੱਤਰ'* ਖ਼ਾਲਸੇ ਦੀ, ਦੁਨੀਆਂ ਸਾਹਮਣੇ ਸੋਹਣੀ ਤਸਵੀਰ ਹੈਸੀ।
ਬਖ਼ਸ਼ੀ ਸਾਬਤ ਸਰੂਪ ਤਸਵੀਰ ਸਤਿਗੁਰ, *'ਅਨੰਦਪੁਰੀ'* ਦੇ ਸੋਹਣੇ ਅਸਥਾਨ ਉੱਤੇ।
ਲੈ ਕੇ ਹੁਕਮ ਅਕਾਲ ਤੋਂ ਸਾਜਨਾ ਲਈ, ਪ੍ਰਗਟ ਹੋਏ ਸੀ ਏਸ ਜਹਾਨ ਉੱਤੇ।
ਨਾਟਕ ਖੇਡਿਆ ਜੀਵਨ ਰੰਗ-ਮੰਚ ਉੱਤੇ, ਝੱਲੇ ਦੁੱਖੜੇ ਆਪਣੀ ਜਾਨ ਉੱਤੇ।
ਪਿਤਾ ਵਾਰਿਆ, ਪੁੱਤਰ ਕੁਰਬਾਨ ਕੀਤੇ, ਰੱਖੀ ਨਜ਼ਰ ਇਸ ਕਾਰਜ ਮਹਾਨ ਉੱਤੇ।
ਸੁਰਤਾਂ ਸੁੱਤੀਆਂ ਸਦਾ ਲਈ ਜਾਗ ਪਈਆਂ, ਸੰਤ ਸੂਰਮੇ ਰੱਬੀ ਸੰਦੇਸ਼ ਦਿੱਤਾ।
ਚੁੱਕੀ ਤੇਗ ਸਮਾਜ-ਲਿਤਾੜਿਆਂ ਨੇ, *'ਅੰਮ੍ਰਿਤ'* ਜਦੋਂ ਸਤਿਗੁਰੂ ਦਸਮੇਸ਼ ਦਿੱਤਾ।
ਉਸ ਨੇ *'ਸਤਲੁਜ'* ਦੇ ਪਾਣੀ ਨੂੰ ਪਾਣ ਲਾਈ, ਨਾਲ ਲੋਹੇ ਦੇ ਲੋਹਾ ਘਸਾ ਕੇ ਤੇ।
ਹੋ ਕੇ ਬੀਰ-ਆਸਣ ਪੜ੍ਹਿਆ *'ਜਾਪੁ ਸਾਹਿਬ'*, ਉਸ ਨੇ ਇੱਕ ਅਕਾਲ ਧਿਆ ਕੇ ਤੇ।
ਆਣ, ਅਣਖ ਅਤੇ ਭਗਤਿ, ਸ਼ਕਤਿ ਪਾਈ, ਮੂੰਹੋਂ *'ਜਾਪੁ'*, 'ਸਵੈਯੇ' ਵੀ ਗਾ ਕੇ ਤੇ।
ਪੜ੍ਹੀ *'ਚੌਪਈ'* ਬੇਨਤੀ ਰੂਪ ਹੋ ਕੇ, ਅਨਦ ਬਖਸ਼ਿਆ *'ਆਨੰਦ'* ਸੁਣਾ ਕੇ ਤੇ।
ਮੁਰਦਾ ਦਿਲਾਂ ਨੂੰ ਕਰਨ ਲਈ ਅਮਰ ਜਗ ਤੇ, ਜਿਹਾ ਆਬੇ-ਹਯਾਤ ਬਣਾ ਦਿੱਤਾ।
ਜਿਸ ਨੇ ਚੱਖਿਆ ਉਹ ਸ਼ੇਰ-ਮਰਦ ਬਣਿਆ, ਉਸ ਨੇ ਧਰਤ ਆਕਾਸ਼ ਹਿਲਾ ਦਿੱਤਾ।
ਘੁੱਟ ਪੀ ਕੇ ਬਾਟੇ ਚੋਂ ਗਿੱਦੜਾਂ ਨੇ, ਬੱਬਰ-ਸ਼ੇਰਾਂ ਦੇ ਵੀ ਪੇਟ ਪਾੜ ਸੁੱਟੇ।
ਕੀਤੇ ਘੁੱਗੀਆਂ ਨੇ ਟੋਟੇ ਸ਼ਿਕਾਰਿਆਂ ਦੇ, ਬਾਜਾਂ ਜਹੇ ਵੀ ਚਿੜੀਆਂ ਲਿਤਾੜ ਸੁੱਟੇ।
ਇਸ ਦੇ ਇਕ ਇਕ ਪਿਆਕ ਨੇ ਰਣ ਅੰਦਰ, ਲੱਖ ਲੱਖ ਦੇ ਭੰਨ ਬੁਥਾੜ ਸੁੱਟੇ।
ਏਦਾਂ ਸਿਰਾਂ ਨੂੰ ਛਾਂਗਿਆ ਨਾਲ ਤੇਗਾਂ, ਜਿਵੇਂ ਬੇਰੀਆਂ ਤੋਂ ਬੇਰ ਝਾੜ ਸੁੱਟੇ।
ਅੱਖ ਚੁੱਕੀ ਨਾ ਭਾਰਤ ਵੱਲ ਫੇਰ ਉਹਨਾਂ, ਮਜ਼ਾ ਜਿਹਾ ਚਖਾਇਆ ਅਬਦਾਲੀਆਂ ਨੂੰ।
ਨਸਣਾ ਪਿਆ ਸਿਰ ਤੇ ਪੈਰ ਰੱਖ ਕੇ ਤੇ, *'ਮਿੱਤਰ'* ਜਹੇ ਤਖ਼ਤਾਂ ਦੇ ਵਾਲੀਆਂ ਨੂੰ।

# ਬਾਣੀ ਗੁਰੂ ਗੁਰੂ ਹੈ ਬਾਣੀ

ਗੁਰਬਾਣੀ, ਗੁਰ-ਉਪਦੇਸ਼ ਪਰਤੱਖ ਗੁਰੂ ਹੈ। ਗੁਰਬਾਣੀ ਦਾ ਨਿਰਾ ਅਰਥ-ਬੋਧ ਕੁਝ ਨਹੀਂ ਸੁਆਰਦਾ। *"ਸੁਣਿਆ ਮੰਨਿਆ ਮਨਿ ਕੀਤਾ ਭਾਉ"* ਦੇ ਹੁਕਮ ਅਨੁਸਾਰ ਸੁਣਿ, ਮੰਨਿ ਅਤੇ ਉਸ ਉਪਦੇਸ਼ ਦਾ ਭਾਉ ਮਨ ਵਿਚ ਵਸਾਉਣ ਤੇ ਅਮਲ ਕਰਨ ਨਾਲ ਹੀ ਜੀਵਨ ਪਲਟਦਾ ਹੈ।

ਗੁਰਬਾਣੀ ਦਾ ਭੈ ਮਨ ਵਿਚ ਵਸਾਉਣ ਲਈ ਗੁਰੂ ਦੀ ਬਾਣੀ ਦਾ ਪੂਰਨ ਹਿਤੋਂ ਚਿਤੋਂ ਸਤਿਕਾਰ ਕਰਨਾ ਚਾਹੀਦਾ ਲਾਜ਼ਮੀ ਹੈ। ਇਸ ਤਰ੍ਹਾਂ ਹੀ ਭੈ-ਭਾਵਨੀ ਮਨ ਵਿਚ ਵਸਦੀ ਹੈ ਤੇ ਗੁਰਬਾਣੀ ਕੰਠ ਕਰਨ ਦਾ ਚਾਉ ਉਪਜਦਾ ਹੈ। ਕੰਠਾਗਰ ਬਾਣੀ ਵਧੇਰੇ ਰਸ ਉਪਜਾਉਂਦੀ ਹੈ ਤੇ ਸੁਰਤ ਜੋੜਨ ਵਿਚ ਸਹਾਈ ਹੁੰਦੀ ਹੈ। ਜੇ ਪੋਥੀ ਦੀ ਸਹਾਇਤਾ ਨਾਲ ਵੀ ਕੀਰਤਨ ਕਰਨਾ ਪਵੇ ਤਾਂ ਪੋਥੀ ਦੇ ਸਤਿਕਾਰ ਨੂੰ ਮੁਖ ਰੱਖਣਾ ਪਰਮ ਧਰਮ ਹੈ।


www.AKJ.Org

# ਖ਼ਾਲਸੇ ਦੀ ਨਿਰਲੇਪਤਾ ਤੇ ਨਿਰਾਲੀ ਰਹਿਣੀ

(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਖ਼ਾਲਸਾ ਜੀ ਨੇ ਸਭ ਸੰਸਾਰੀਆਂ ਤੋਂ ਨਿਆਰੇ ਅਤੇ ਨਿਰਲੇਪ, ਜਲ ਕੰਵਲ ਵਤ ਅਲੇਪ ਰਹਿ ਕੇ ਗੁਰਮਤਿ ਧਰਮ ਦੇ ਅਸੂਲਾਂ ਉੱਤੇ ਚੱਲਣਾ ਹੈ। ਅਰਥਾਤ ਖ਼ਾਲਸਾ ਧਰਮ ਦੀਆਂ ਰਹਿਤ-ਰਹਿਣੀਆਂ ਨੂੰ ਕਮਾਵਣਾ ਹੈ ਅਤੇ ਇਨ੍ਹਾਂ ਨਿਆਰੀਆਂ ਨਿਰਲੇਪ ਕਮਾਈਆਂ ਦੁਆਰਾ ਪਹਿਲਾਂ ਆਪਣਾ ਆਪ ਪ੍ਰਬੋਧ ਕੇ ਪਾਛੈ ਅਵਰਾਂ ਨੂੰ ਰੀਝਾਵਣਾ ਹੈ। ਅਤੇ ਇਸ ਆਪ ਪ੍ਰਬੋਧਣ ਦੇ ਪ੍ਰਯਤਨ ਅੰਦਰ ਕੁਸੰਗੀਆਂ, ਕੁਮੱਤੀਆਂ, ਕੁਕਰਮੀਆਂ ਦਾ ਕੁਸੰਗ, ਕੁਮੱਤ, ਕੁਕਰਮ ਭਰਿਆ ਕੁਲੱਛਣ-ਲੇਸ ਆਪਣੇ ਆਪ ਨੂੰ ਨਾ ਲੱਗਣ ਦੇਣਾ, ਗੁਰਮਤਿ ਬਿਬੇਕੀ ਜਨਾਂ ਦੀ ਖ਼ਾਲਸਈ ਸੂਰਮਤਾਈ ਦਾ ਇੱਕ ਉੱਤਮ ਕਾਰਨਾਮਾ ਹੈ, ਨਾ ਕਿ ਨਫ਼ਰਤ ਦਾ ਨਮੂਨਾ ਕਾਇਮ ਕਰਨਾ। ਗੁਰਮਤਿ ਜਗਿਆਸਾ ਦੀ ਅਲ੍ਹੜ ਅਵਸਥਾ ਅੰਦਰ ਬੇਦੀਨ ਧਰਮਹੀਨ ਅਨਮਤੀ ਪੁਰਸ਼ਾਂ ਦੀ ਕੁਸੰਗ ਦੋਸਤੀ ਤੋਂ ਦੂਰ ਰਹਿਣਾ, ਅਤੇ ਉਹਨਾਂ ਦੇ ਨਾਲ ਖਾਨ-ਪਾਨ ਦੀ ਵਰਤੋਂ-ਵਿਹਾਰ ਤੋਂ ਬਚੇ ਬਰਜੇ ਰਹਿਣਾ, ਉਕਤ ਪੁਰਸ਼ਾਂ ਦੀ ਜ਼ਾਤ ਤੋਂ ਨਫ਼ਰਤ ਕਰਨਾ ਨਹੀਂ, ਬਲਕਿ ਉਨ੍ਹਾਂ ਦੀ ਜ਼ਾਤ ਦੇ ਅੰਦਰ, ਜ਼ਾਤੀ ਆਚਾਰ ਦੇ ਅੰਦਰ ਧਸੇ ਅਤੇ ਰਮੇ ਹੋਏ ਕ੍ਰਾਨਿਕ (Chronic) ਪੁਰਾਣੇ ਰੋਗਾਂ ਦੀ ਕੁਵੈੜੀ ਤੇ ਕਸੂਤੀ ਲਾਗ ਕੁਲਾਗ ਤੋਂ ਬਚੇ ਰਹਿਣ ਦਾ ਪਰਹੇਜ਼ (ਪੱਥ) ਰੱਖਣਾ ਹੈ। ਜਿਨ੍ਹਾਂ ਅਭਾਗੇ ਪ੍ਰਾਣੀਆਂ ਦਾ ਮੁੱਢ ਕਦੀਮ ਤੋਂ ਹੀ ਸਤਿਸੰਗ ਵਿੱਚ ਨਿਵਾਸ ਨਹੀਂ ਹੁੰਦਾ ਅਤੇ ਬਚਪਨ ਤੋਂ ਹੀ ਜਿਨ੍ਹਾਂ ਦਾ ਭੈੜੇ ਕੁਸੰਗ ਨਾਲ ਕੁਵੈੜਾ ਵਾਹ ਪਿਆ ਰਹਿੰਦਾ ਹੈ, ਉਹ ਉਕਤ ਕ੍ਰਾਨਿਕ ਰੋਗਾਂ ਨਾਲ ਗ੍ਰਸੇ ਜਾਣ ਕਰਕੇ ਸਦਾ ਲਈ ਪੀੜਤ ਰਹਿਣ ਕਰਿ, ਅਕਸਰ ਕੂਕ ਪੁਕਾਰ ਕਰਿਆ ਕਰਦੇ ਹਨ। ਇਸ ਕਰਕੇ ਗੁਰੂ ਕਾ ਹੁਕਮ ਹੈ ਕਿ -

ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ॥
ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ
ਜਿਨਾ ਆਪਣਾ ਸੁਆਉ॥੨॥(੧੦)

(ਗੂਜਰੀ ਵਾਰ ਮ: ੫, ਪੰਨਾ ੫੨੦)

ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ
ਜਿਨਾ ਮਾਇਆ ਮੋਹਿ ਪਿਆਰੁ॥੧॥(੨)

(ਵਾਰ ਬਿਹਾਗੜਾ, ਸਲੋਕ ਮ: ੩, ਪੰਨਾ ੫੪੯)

ਅਤੇ ਮਨਮੁਖ ਦਾ ਕਰਤੂਤੀ ਲੱਛਣ ਹੋਰ ਕੀ ਹੈ -

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ
ਇਹੁ ਮਨਮੁਖ ਕਾ ਬੀਚਾਰ॥੩॥(੭)

(ਵਾਰ ਬਿਲਾਵਲ, ਮ: ੩, ਪੰਨਾ ੮੫੨)

ਅਜਿਹੇ ਮਨਮੁਖ ਸਾਕਤਾਂ ਅਧਰਮੀਆਂ ਬੇਦੀਨਾਂ ਦੇ ਨਾਲ ਦੋਸਤੀ ਰੱਖਣ ਤੋਂ ਜੋ ਗੁਰਸਿੱਖ ਨੂੰ ਗੁਰਮਤਿ ਬਿਬੇਕ ਸੰਦੇ ਗੁਰ-ਹੁਕਮਾਂ ਦੁਆਰਾ ਹੋੜਿਆ ਗਿਆ ਹੈ, ਇਸ ਦਾ ਭਾਵ ਇਹੀ ਹੈ ਕਿ ਉਹਨਾਂ ਦੇ ਕੁਸੰਗ ਲੱਛਣ ਦੀ ਲਾਗ (ਕੁਲਾਗ) ਵਾਲਾ ਲੇਸ (ਕੁਲੇਸ) ਨਾ ਲਗਣਾ ਪਾਵੇ। ਇਸ ਲੇਸ-ਲਾਗ ਤੋਂ ਆਪਣਾ ਆਪ ਬਚਾਵਣ ਲਈ (ਬੇਲਾਗ ਰੱਖਣ ਲਈ) ਕਿਸੇ ਆਨਮਤੀ ਦੇ ਸੰਗ ਕੁਸੰਗ ਤੋਂ ਬਰਜੇ ਰਹਿਣਾ, ਉਸ ਦੇ ਨਾਲ ਨਫ਼ਰਤ ਕਰਨ ਨਮਿਤ ਨਹੀਂ, ਪ੍ਰੰਤੂ ਆਪਣਾ ਪ੍ਰਬੋਧਣ ਨਮਿਤ ਹੈ ਅਤੇ ਐਸਾ ਕਰਨਾ ਗੁਰ-ਬਚਨਾਂ ਰੂਪੀ ਹੁਕਮਾਂ ਦੀ ਤਾਮੀਲ ਕਰਨਾ ਹੈ, ਜੋ ਕਿ ਹਰ ਇੱਕ ਸਚਿਆਰ ਸਿੱਖ ਦਾ ਫ਼ਰਜ਼ ਹੈ। ਜਦ ਕਿ ਆਨਮਤੀਆਂ ਦੇ ਨਾਲ ਸੰਗ ਕੁਸੰਗ ਮਈ ਦੋਸਤੀ ਦਾ ਰੱਖਣਾ ਹੀ ਗੁਰਮਤਿ ਬਿਬੇਕ ਅਸੂਲਾਂ ਦੇ ਪ੍ਰਤਿਕੂਲ ਹੈ ਤਦ ਉਹਨਾਂ ਦੇ ਨਾਲ ਖਾਨ ਪਾਨ ਦਾ ਵਰਤੋਂ ਵਿਹਾਰ ਰੱਖਣਾਕਦ ਗੁਰਮਤਿ ਅਨੁਕੂਲ ਹੋ ਸਕਦਾ ਹੈ ? ਏਸ ਕਰਕੇ *'ਵੇਦੀਨਾ ਕੀ ਦੋਸਤੀ'* ਦੇ ਨਾਲ ਲੱਗਦਾ ਹੀ *'ਵੇਦੀਨਾ ਕਾ ਖਾਣੁ'* ਭੀ ਗੁਰਮਤਿ ਬਿਬਰਜਿਤ ਕਰਮ ਗਰਦਾਨਿਆ ਗਿਆ, ਕਿਉਂਕਿ ਉਕਤ ਦੋਹਾਂ ਬਿਬਰਜਿਤ ਕਰਮਾਂ ਦੇ ਕਰਨ ਕਰਿ-ਸਿਫਤੀ ਸਾਰ ਨਾ ਜਾਣਨੀ ਸਦਾ ਵਸੈ ਸੈਤਾਨੁ॥੧॥(੧੪) (ਵਾਰ ਸੂਹੀ, ਸਲੋਕ ਮ: ੧, ਪੰਨਾ ੭੯੦) ਵਾਲਾ ਕਲੰਕ ਲੱਗਦਾ ਹੈ।

ਕਈ ਬਿਬੇਕ-ਹੀਣ ਸ਼੍ਰੇਣੀ ਦੇ ਚਗਲ-ਪੰਥੀ ਯਾ ਚਗਲ ਪੰਥੀਆਂ ਦਾ ਪੱਖ ਪੂਰਨ ਵਾਲੇ ਖਰੜ ਗਿਆਨੀ ਇਹ ਹੁੱਜਤ ਭੇੜਿਆ ਕਰਦੇ ਹਨ ਕਿ *"ਵੇਦੀਨਾ ਕਾ ਖਾਣੁ"* ਦੀ ਪੰਗਤੀ ਤੋਂ ਭਾਵ ਬੇਦੀਨਾ ਦਾ ਜੂਠਾ, ਬੇਦੀਨਾਂ ਦੇ ਨਾਲ ਇੱਕ ਥਾਲੀ ਵਿੱਚ ਇਕੱਠੇ ਬਹਿ ਕੇ ਖਾਣ ਤੋਂ ਹੈ, ਨਾ ਕਿ ਉਨ੍ਹਾਂ ਦੇ ਹਥੋਂ ਲੈ ਕੇ ਖਾਣ ਤੋਂ ? ਅਰਥਾਤ ਉਹ ਕਹਿੰਦੇ ਹਨ, ਮੰਨ ਲਿਆ ਕਿ ਇੱਕ ਥਾਲੀ ਵਿੱਚ ਬਹਿ ਕੇ ਬੇਦੀਨਾਂ ਦੇ ਨਾਲ ਇਕੱਠਾ ਖਾਣਾ ਗੁਰੂ ਖ਼ਾਲਸਾ ਲਈ ਬਿਬਰਜਿਤ ਹੈ, ਪ੍ਰੰਤੂ ਬੇਦੀਨਾਂ ਦੇ ਹੱਥੋਂ ਲੈ ਕੇ ਖਾਣਾ, ਅਥਵਾ ਬੇਦੀਨਾਂ ਦਾ



www.AKJ.Org

ਬਣਾਇਆ ਹੋਇਆ ਖਾਣਾ ਖਾਣ ਵਿੱਚ ਕੋਈ ਹਰਜ ਨਹੀਂ।"

ਇਸ ਹੁੱਜਤ ਦਾ ਉੱਤਰ ਇਹ ਹੈ ਕਿ ਸਾਨੂੰ ਕੀ ਸਬੂਤ ਹੈ ਕਿ ਬੇਦੀਨਾਂ ਦਾ ਬਣਾਇਆ ਹੋਇਆ ਖਾਣਾ ਉਸ ਜੂਠ, ਅਸੁੱਚ ਅਤੇ ਅਪਵਿਤ੍ਰਤਾ ਤੋਂ ਰਹਿਤ ਹੈ ਜਿਸ ਦੇ ਕਾਰਨ ਕਿ ਆਪ ਨੇ ਉਨ੍ਹਾਂ ਦੇ ਨਾਲ ਇੱਕ ਥਾਲੀ ਵਿੱਚ ਬਹਿ ਕੇ ਇਕੱਠਾ ਨਾ ਖਾਣ ਦੀ ਸੰਕੋਚ ਨੂੰ ਮੰਨਿਆ ਹੈ। ਭਾਵ ਬੇਦੀਨਾਂ ਦੇ ਨਾਲ ਇਕੱਠਾ ਇੱਕ ਥਾਲੀ ਵਿੱਚ ਬਹਿ ਕੇ ਖਾਣਾ ਇਸ ਵਾਸਤੇ ਹੀ ਬਿਬਰਜਿਤ ਮੰਨਿਆ ਗਿਆ ਹੈ ਨਾ, ਕਿ ਬੇਦੀਨਾਂ ਦੀ ਜੂਠ ਖਾਣੀ ਪੈਂਦੀ ਹੈ ਅਤੇ ਸੁੱਚ ਪਵਿਤ੍ਰਤਾ ਤੋਂ ਰਹਿਤ ਬੇਦੀਨਾਂ ਦਾ ਖਾਣਾ ਖਾਣਾ ਨਹੀਂ ਚਾਹੀਦਾ। ਸੋ ਜੂਠ ਅਸੁੱਚ ਅਪਵਿਤ੍ਰਤਾ ਦੇ ਸਵਾਲ ਨੂੰ ਮੰਨ ਕੇ ਤਾਂ ਬੇਦੀਨਾਂ ਦੇ ਹੱਥੋਂ ਯਾ ਉਨ੍ਹਾਂ ਦੇ ਹੱਥਾਂ ਦਾ ਤਿਆਰ ਕੀਤਾ ਹੋਇਆ ਖਾਣਾ ਖਾਣਾ ਭੀ ਬਿਬਰਜਿਤ ਹੈ, ਕਿਉਂਕਿ ਪ੍ਰਿਥਮ ਤਾਂ ਖ਼ਾਲਸਾ ਧਰਮ ਦੇ ਧਾਰਨੀਆਂ ਅਰਥਾਤ ਖ਼ਾਲਸਾ ਪੰਥ ਤੋਂ ਛੁੱਟ ਸੰਸਾਰ ਭਰ ਵਿੱਚ ਜਿਤਨੇ ਭੀ ਆਨਮਤੀ (ਬੇਦੀਨ) ਹਨ, ਸਭ ਦੇ ਸਭ ਬਿਖਿਆ-ਪਾਨੀ ਹਨ ਅਤੇ ਬਿਖਿਆ (ਤਮਾਕੂ) ਨੂੰ ਸ੍ਰੀ ਦਸਮੇਸ਼ ਜੀ ਨੇ ਜਗਤ-ਜੂਠ ਦੱਸਿਆ ਹੈ, ਜਿਹਾ ਕਿ ਹਿਤ ਉਪਦੇਸ਼ ਖ਼ਾਲਸੇ ਪ੍ਰਤੀ ਰਹਿਤਨਾਮੇ ਵਿੱਚ ਲਿਖਿਆ ਹੈ-

ਮਰਨੀ ਮਰਉ ਤਉ ਅਤਿ ਭਲਾ
ਜਗਤ ਜੂਠ ਨਹਿ ਸੰਗ।।

ਤਾਂ ਤੇ ਜਗਤ-ਜੂਠ ਦੇ ਰੱਖਣ-ਹਾਰਿਆਂ ਬੇਦੀਨ ਆਨਮਤੀਆਂ ਦਾ ਤਿਆਰ ਕੀਤਾ ਹੋਇਆ ਖਾਣਾ ਖਾਣਾ, ਅਥਵਾ ਉਹਨਾਂ ਦੇ ਹੱਥੋਂ ਲੈ ਕੇ ਖਾਣਾ ਖਾਣਾ ਸਾਫ਼ ਜੂਠ ਖਾਣਾ ਹੈ। ਰਹਿਤਨਾਮੇ ਅੰਦਰ ਇਹ ਭੀ ਬਚਨ ਹੈ-

ਤਨਕ ਤਮਾਕੂ ਸੇਵੀਐ ਦੇਵ ਪਿਤ੍ਰ ਤਜਿ ਜਾਇ।।
ਪਾਨੀ ਤਿਸ ਕੇ ਹਾਥ ਕਾ ਮਦਰਾ ਸਮ ਹੋਇ ਜਾਇ।।

ਭਾਵ ਜੋ ਹਿੰਦੂ ਤਨਕ ਮਾਤ੍ਰ ਭੀ ਤਮਾਕੂ ਦਾ ਸੇਵਨ ਕਰਦੇ ਹਨ ਉਹਨਾਂ ਦੇ ਮਨ ਮੰਨੇ ਦੇਵਤੇ ਅਤੇ ਪਰਲੋਕ ਗਵਨੇ (ਗਮਨੇ) ਹੋਏ ਪਿਤਰ ਉਹਨਾਂ ਨੂੰ ਭ੍ਰਿਸ਼ਟ-ਕਰਮੀ ਦੇਖ ਕੇ ਤਜ ਜਾਂਦੇ ਹਨ ਅਤੇ ਅਜਿਹੇ ਭ੍ਰਿਸ਼ਟ ਕਿਰਿਆ ਵਾਲੇ ਪੁਰਸ਼ਾਂ ਦੇ ਹੱਥਾਂ ਦਾ ਪਾਣੀ ਮਦਰਾ ਦੇ ਤੁੱਲ ਮੰਦ ਹੋ ਜਾਂਦਾ ਹੈ। ਜੈਸੀ ਮਦਰਾ ਪੀ ਲੀਤੀ ਤੈਸੇ ਤਿਨ੍ਹਾਂ ਦੇ ਹੱਥਾਂ ਦਾ ਪਾਣੀ ਪੀ ਲਿਆ। ਜਦ ਬਿਖਿਆ-ਪਾਨੀ ਦੇ ਹੱਥ ਦਾ ਪਾਣੀ ਪੀਣਾ ਹੀ ਮਦਰਾ ਪਾਨ ਕਰਨ ਦੇ ਤੁਲ ਹੈ ਤਦ ਉਸ ਦੇ ਭ੍ਰਿਸ਼ਟ ਕਿਰਿਆ ਦਾ ਖਲ-ਚਗਲ ਕੀਤਾ ਹੋਇਆ ਖਾਣਾ ਖਾਣਾ ਮਦਰਾ ਪਾਨ ਤੋਂ ਭੀ ਟੱਪ ਕੇ ਬਿਖਿਆ-ਪਾਨੀ ਹੋਣ ਦੇ ਤੁੱਲ ਹੈ ਅਤੇ ਨਿਰੀ ਜੂਠ ਹੀ ਜੂਠ ਖਾਣ ਵਾਲੀ ਗੱਲ ਹੈ। ਜੇ ਕਹੋ ਕਿ ਕਈ ਆਨਮਤੀ ਭੀ ਬਿਖਿਆ ਪਾਨੀ ਨਹੀਂ ਹੁੰਦੇ , ਇਸ ਦਾ ਉੱਤਰ ਇਹ ਹੈ ਕਿ ਭਾਵੇਂ ਕਿਤੇ ਕਿਤੇ ਹਜ਼ਾਰਾਂ ਵਿਚੋਂ ਇਕ ਅਜਿਹੀ ਕੋਈ ਟਾਵੀਂ ਟਾਵੀਂ ਮਿਸਾਲ ਮਿਲ ਭੀ ਜਾਵੇ ਕਿ ਕੋਈ ਅਨਮਤੀ ਬਿਖ-ਪਾਨੀ ਨਾ ਹੋਵੇ। ਪ੍ਰੰਤੂ ਅਸੀਂ ਤਾਂ ਉਸ ਦੇ ਮੱਤ ਦਾ ਅਸੂਲ ਦੇਖਣਾ ਹੈ ਕਿ ਉਸਦੇ ਅਸੂਲ ਅੰਦਰ, ਉਸ ਦੇ ਮੱਤ ਮਜ਼ਹਬ ਅੰਦਰ ਬਿਖ-ਪਾਨੀ ਹੋਣਾ ਬਿਬਰਜਿਤ ਹੈ ਕਿ ਨਹੀਂ। ਜਦ ਅਸੀਂ ਸਾਫ਼ ਦੇਖਦੇ ਹਾਂ ਕਿ ਸਮੁੱਚੇ ਆਨ ਮਤ ਮਤਾਂਤਰਾਂ ਅੰਦਰ ਬਿਖਿਆ ਦੀ ਖੁਲ੍ਹ ਖੇਡ ਹੈ ਤਦ ਸਾਫ਼ ਸਿੱਧ ਹੈ ਕਿ ਅਸੂਲਨ ਕਿਸੇ ਭੀ ਮੱਤ ਅੰਦਰ ਬਿਖਿਆ ਦਾ ਭਖਣ ਬਿਬਰਜਿਤ ਨਹੀਂ। ਅਤੇ ਜਿਸ ਮੱਤ ਅੰਦਰ ਬਿਖਿਆ ਦੀ ਬੰਦਸ਼ ਹੀ ਕੋਈ ਨਹੀਂ ਤਾਂ ਉਸ ਮੱਤ ਵਾਲੇ ਕਿਸੇ ਆਨਮਤੀ ਦਾ ਵਿਸਾਹ ਹੀ ਕੀ ਹੈ ਕਿ ਬਿਖਿਆ ਵਰਤਣ ਤੋਂ ਬਰਜਿਆ ਰਹੇ। ਜੇ ਬਿਖਿਆ ਨਹੀਂ ਵਰਤੀ ਤਾਂ ਬਿਖਿਆ ਨਾਲ ਹੱਥ ਲਾ ਕੇ ਤਾਂ ਭ੍ਰਿਸ਼ਟ ਹੋਊ। ਅਤੇ ਖ਼ਾਲਸਾ ਜੀ ਲਈ ਹੱਥ ਲਾਉਣਾ ਤਾਂ ਕੀ, ਬਿਖਿਆ ਦਾ ਧੂੰਆਂ ਲੈਣਾ ਭੀ ਬਿਬਰਜਿਤ ਹੈ।

### ਖਾਲਸਾ ਧਰਮ ਵਿੱਚ ਸੁਚਮ :-

ਜਿਨ੍ਹਾਂ ਬੇਦੀਨ ਆਨਮਤੀਆਂ ਨੂੰ ਨਾ ਬਿਖਿਆ ਦੇ ਖਾਣ ਦੀ ਆਣ ਹੈ, ਨਾ ਬਿਖਿਆ ਨੂੰ ਹੱਥ ਲਾਉਣ ਦੀ ਸੌਂਹ ਸੂਗ ਹੈ, ਉਨ੍ਹਾਂ ਉੱਤੇ ਪਰਤੀਤ ਵਿਸਾਹ ਹੀ ਕੀ ਹੋ ਸਕਦਾ ਹੈ ਕਿ ਬਿਖਿਆ ਨਾ ਵਰਤਦੇ ਹੋਣ। ਦੂਜੇ ਸੁੱਚ ਪਵਿਤਰਤਾ ਦਾ ਅਸੂਲ ਜੈਸੇ ਗੁਰੂ ਪੰਥ ਖ਼ਾਲਸਾ ਅੰਦਰ ਹੈ ਤੈਸਾ ਹੋਰ ਕਿਸੇ ਭੀ ਮਤ-ਮਤਾਂਤਰ ਅੰਦਰ ਨਹੀਂ ਪਾਇਆ ਜਾਂਦਾ। ਯਥਾ ਗੁਰਵਾਕ -

ਸਤੁ ਸੰਤੋਖੁ ਦਇਆ ਧਰਮੁ ਸੁਚਿ,
ਸੰਤਨ ਤੇ ਇਹੁ ਮੰਤੁ ਲਈ।।
ਕਹੁ ਨਾਨਕ ਜਿਨਿ ਮਨਹੁ ਪਛਾਨਿਆ
ਤਿਨ ਕਉ ਸਗਲੀ ਸੋਝ ਪਈ।।੨।।੪।।੯੦।।

(ਬਿਲਾਵਲ ਮ: ੫, ਪੰਨਾ ੮੨੨)

ਆਦਿਕ ਗੁਰ-ਵਾਕਾਂ ਦੇ ਭਾਵ ਅਨੁਸਾਰ 'ਸੁੱਚ' (ਪਵਿਤ੍ਰਤਾ) ਖ਼ਾਲਸਾ ਧਰਮ-ਧਾਰਨੀ ਗੁਰਸਿੱਖ ਦੇ ਧਰਮ-ਅੰਗਾਂ ਵਿਚੋਂ ਇੱਕ ਉੱਤਮ ਅੰਗ ਹੈ, ਜਿਸ ਦਾ ਪਾਲਣਾ ਹਰ ਇੱਕ ਸੁਚਿਆਰ ਸਿੰਘ ਬਿਬੇਕੀ ਲਈ ਐਸਾ ਹੀ ਜ਼ਰੂਰੀ ਹੈ ਜੈਸਾ ਦੂਤੀ ਧਰਮ-ਅੰਗਾਂ ਸਤ ਸੰਤੋਖ ਦਇਆ


www.AKJ.Org

ਰਮ ਆਦਿਕ ਦਾ ਪਾਲਣਾ ਜ਼ਰੂਰੀ ਹੈ। ਪ੍ਰਮਾਣ ਅੰਦਰ ਜਾਸ ਸ਼ਿਖਸ਼ਾ ਰੂਪੀ ਮੰਤਰ ਦਾ ਵਰਨਣ ਹੈ ਉਸ ਸਿਖਸ਼ਾ ਤਰ ਦਾ ਇੱਕ ਜ਼ਰੂਰੀ ਅੰਗ *'ਸੁਚਿ'* (ਸੁਚਮਤਾਈ) ਹੈ ਅਤੇ ਇਸ ਸਿਖਸ਼ਾ ਮੰਤ੍ਰ ਨੂੰ ਸਰਬ ਅੰਗਾਂ ਸਮੇਤ ਜਿਸ ਸੱਖ ਜਗਿਆਸੂ ਨੇ ਹਿਦਿਓਂ ਲਾ ਕੇ, ਭਾਵ ਮਨ ਬਚ ਕਰਮ ਕਰਕੇ ਪਛਾਣਿਆ ਹੈ, ਉਸ ਨੂੰ *'ਸਗਲੀ ਸੂਝ'* ਪ੍ਰਾਪਤ ਹੋਈ ਹੈ। ਤਾਂ ਹੀ ਤੇ ਇਸ ਸੁੱਚਮਤਾਈ (ਸੁੱਚ, ਪਵਿਤ੍ਰਤਾ) ਤੇ ਧਾਰਨੀ ਸਿੰਘ ਸੱਜਨ ਦਾ ਸੁੱਚਮਤਾਈ ਸਹਿਤ ਸਜਾਇਆ ਹੋਇਆ ਪਰਸ਼ਾਦ ਭੋਜਨ ਛੱਕਣਾ ਗੂੜ੍ਹ ਗੁਰਮਤਿ ਗੁਣਾਂ ਦੇ ਲਖਾਇਕ ਆਤਮ ਫਲਾਂ ਦਾ ਪ੍ਰਾਪਤ ਕਰਾਵਨਹਾਰਾ ਹੈ। ਜੋ ਭੀ ਗੁਰੂ ਕਾ ਤਿਆਰ ਬਰ ਤਿਆਰ ਸਿੰਘ ਹੈ ਸੋ ਸੌਚ-ਇਸ਼ਨਾਨ ਦਾ ਨੇਮੀ ਪ੍ਰੇਮੀ ਹੋਣ ਕਰਕੇ ਸੁਚਮਤਾਈ, ਸਰੀਰਕ ਸਫ਼ਾਈ ਦਾ ਖ਼ਾਲਸ ਨਮੂਨਾ ਹੈ। ਸੁਚਮਤਾਈ-ਹੀਨ ਮਲੀਨ ਕਿਰਿਆ ਦੀ ਨਾਪਾਕੀ (ਅਸ਼ੁਧਤਾਈ) ਦਾ ਨਮੂਦ ਮਾਤਰ ਭੀ ਸੁਚਿਆਰ ਬਿਬੇਕੀ ਸਿੰਘ ਦੇ ਖਾਨ ਪਾਨ ਦੇ ਸਾਮਾਨ ਸਰਜਾਮ ਅੰਦਰ ਨਹੀਂ ਪਾਇਆ ਜਾਂਦਾ। ਅਤੇ ਜੋ ਕੁਛ ਭੀ ਖਾਨ ਪਾਨ ਦੇ ਪਦਾਰਥ ਗੁਰੂ ਕੇ ਸਿੰਘ ਸਜਾਉਂਦੇ ਹਨ, ਉਸ ਵਿੱਚ ਉਨ੍ਹਾਂ ਦੀ ਅਹੰਭਾਵ ਅਤੇ ਮੇਰ ਤੇਰ ਦੀ ਰਾਈ ਨਹੀਂ ਹੁੰਦੀ। ਗੁਰੂ ਨਮਿਤ ਗੱਫੇ ਸਜਾਉਂਦੇ ਹਨ ਅਤੇ ਗੱਫੇ ਸਜਾਉਂਦੇ ਹੋਏ ਗੁਰੂ ਗੁਰੂ ਉਚਾਰਨ ਕਰਦਿਆਂ ਸੁਆਸ ਸੁਆਸ ਗੁਰੂ ਨੂੰ ਧਿਆਉਂਦੇ ਗੁਰਮੰਤ੍ਰ ਦੇ ਅਭਿਆਸ ਨੂੰ ਖਿਨ ਖਿਨ ਕਮਾਉਂਦੇ ਰਹਿੰਦੇ ਹਨ। ਅਤੇ ਇਸ ਬਿਧਿ ਪੂਰਨ ਪ੍ਰੇਮ ਭਾਵਨਾ ਦੀ ਘਾਲਨਾ ਸਹਿਤ ਸਜਾਏ ਭੋਜਨ ਪਰਸ਼ਾਦ ਨੂੰ -

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ
ਕਿਆ ਲਾਗੈ ਮੇਰਾ॥੨੦੩॥

(ਸਲੋਕ ਕਬੀਰ ਜੀ, ਪੰਨਾ ੧੩੭੫)

ਦੇ ਭਾਵ ਅਨੁਸਾਰ ਗੁਰੂ ਅਰਪਣ ਕਰਕੇ ਗੁਰੂ ਨੂੰ ਭੋਗ ਲੁਆਉਂਦੇ ਹਨ। ਅਤੇ-

ਤੂ ਦਾਤਾ ਦਾਤਾਰੁ
ਤੇਰਾ ਦਿਤਾ ਖਾਵਣਾ॥(੨੫)

(ਸੋਰਠਿ ਵਾਰ ਮ: ੪, ਪੰਨਾ ੬੫੨)

ਦੇ ਗੁਰਵਾਕ ਅਨੁਸਾਰ ਦੇਵਣਦਾਰ ਦਾਤਾਰ ਗੁਰੂ ਦਾ ਦਿੱਤਾ ਗੱਫਾ ਸਮਝ ਕੇ ਛਕਾਉਂਦੇ ਭੁੰਚਾਉਂਦੇ ਅਤੇ ਆਪਣੇ ਮੂੰਹ ਪਾਉਂਦੇ ਤੇ ਆਪਣੀ ਰਸਨਾ ਲਾਉਂਦੇ ਹਨ। ਤਾਂ ਹੀ ਤੇ ਗੁਰੂ ਕੇ ਸਿੰਘਾਂ ਦਾ ਸਜਾਇਆ ਹੋਇਆ ਭੋਜਨ ਪਰਸ਼ਾਦ, ਗੁਰੂ ਕੇ ਸਿੰਘਾਂ ਦੇ ਪਵਿੱਤਰ ਘਾਲ ਵਾਲੇ ਹੱਥਾਂ ਦਾ ਵਰਤਾਇਆ ਹੋਇਆ ਭੋਜਨ ਪਰਸ਼ਾਦ, ਸੱਚਮੁੱਚ ਗੁਰ ਪਰਸ਼ਾਦ ਜਾਂ ਪਰਮ ਪਵਿੱਤਰ ਅੰਮ੍ਰਿਤ ਪਰਸ਼ਾਦ ਹੈ, ਜਿਸ ਨੂੰ ਭੁੰਚਣਹਾਰਿਆਂ (ਛਕਣਹਾਰਿਆਂ) ਦੇ ਅੰਦਰ, ਭੁੰਚਣਸਾਰ ਹੀ ਸੱਚੀ ਸੁਚਮਤਾ ਆ ਜਾਂਦੀ ਹੈ ਅਤੇ ਅੰਮ੍ਰਿਤ ਦੇ ਸੁਆਦਾਂ ਅਸਰਾਂ ਵਾਲੀ ਪਵਿਤ੍ਰਤਾ ਪਰਵੇਸ਼ ਕਰ ਜਾਂਦੀ ਹੈ। ਇਸ ਤੋਂ ਉੱਲਟ ਬਿਕਲ੍ਹ ਕੁਚੀਲ ਰਜ਼ੀਲ ਬਿਖ-ਲੀਪਤ ਅਜਿਹੇ ਆਨਮਤੀ ਹਨ, ਜਿਨ੍ਹਾਂ ਦੇ ਨਿਕਟ ਸੁੱਚ ਜੂਠ ਦੀ ਕੋਈ ਤਮੀਜ਼ ਨਹੀਂ, ਜੋ ਸੁੱਚ, ਸੁਚਮਤਾਈ, ਪਵਿਤ੍ਰਤਾਈ, ਪਾਕੀਜ਼ਗੀ ਨੂੰ ਜਾਣਦੇ ਹੀ ਨਹੀਂ ਕਿ ਕਿਸ ਬਲਾ ਦਾ ਨਾਉਂ ਹੈ। ਜਿਨ੍ਹਾਂ ਦੀ ਕਿਰਿਆ ਮਲੀਨ ਹੋਣ ਕਰਕੇ ਭੋਜਨ ਸਜਾਉਣ ਸਮੇਂ ਸੁਚਮਤਾਈ, ਪਵਿਤ੍ਰਤਾਈ ਨਹੀਂ, ਤਿਨਾਂ ਦਾ ਬਣਾਇਆ ਹੋਇਆ ਭੋਜਨ ਭੀ ਮਲੀਨ। ਤਿਨ੍ਹਾਂ ਦੇ ਮਲੀਨ ਹੱਥੋਂ ਲੈ ਕੇ ਖਾਧਾ ਭੋਜਨ ਭੀ ਮਲੀਨ। ਤਿਨ੍ਹਾਂ ਮਲੀਨ-ਆਚਾਰੀਆਂ ਮਲੀਨ-ਬਿਉਹਾਰੀਆਂ, ਮਲੇਛ-ਹਿਰਦਾ-ਰੀਆਂ (ਮਲੇਛ ਮਨੀਆਂ) ਦਾ ਭੋਜਨ (ਖਾਣਾ) ਖਾ ਕੇ ਖਾਵਨਹਾਰੇ ਦੇ ਮਨ ਅੰਦਰ ਪੂਰੋ ਪੂਰ ਮਲੀਨਤਾ ਹੀ ਧਾਉਂਦੀ ਹੈ। ਅਤੇ ਉਨ੍ਹਾਂ ਦੀ ਜੂਠ ਨੇ, ਜੂਠ ਭਰੇ ਹੱਥਾਂ ਨੇ, ਜੂਠ-ਮਲੀਣੇ ਖਾਣੇ ਨੇ ਜੂਠੇ ਜੂਠ ਹੀ ਵਰਤਾਉਣੀ ਹੈ। ਅਜਿਹੇ ਜੂਠ-ਪੰਥੀਆਂ ਦੇ ਪ੍ਰਥਾਇ ਹੀ ਭਾਈ ਗੁਰਦਾਸ ਜੀ ਨੇ ਉਚਾਰਿਆ ਹੈ ਕਿ -

ਜੇਨੀ ਜੂਠ ਨ ਉਤਰੈ ਜੂਠੇ ਪਰਸਾਦੇ॥

(ਵਾਰ ੩੮, ਪਉੜੀ ੧੦)

ਜਿਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਜੂਠਾ ਜਾਂ ਜੂਠ ਦਾ ਖਾਣਾ ਪਾਣ ਦੀ ਖਚ-ਵਿਗੜਵਾਦੀ ਵਾਲੀ ਖਲਜਗਣ ਵਿੱਚ ਜੋ ਪੈ ਗਏ ਹਨ ਉਨ੍ਹਾਂ ਦੀ ਜੂਠ, ਓਹਨਾਂ ਦੇ ਅੰਦਰ ਘਰ ਕਰ ਗਈ ਹੋਈ ਜੂਠ ਕਦੇ ਉਤਰਦੀ ਨਹੀਂ। ਉਹ ਸਰਾ-ਪਾ (ਸਿਰ ਤੋਂ ਪੈਰਾਂ ਤਾਈਂ) ਮੁਜੱਸਮ ਜੂਠ ਹੀ ਹੋ ਜਾਂਦੇ ਹਨ। ਤਿਨ੍ਹਾਂ ਜੂਠ-ਪੁੰਜਾਂ ਦੇ ਹੱਥੋਂ ਖਾਣਾ ਜੂਠ-ਕਿਰਿਆ ਦਾ ਭਾਗੀ ਹੋਣਾ ਹੈ। ■ ■ ■ ■

**ਜ਼ਰੂਰੀ ਬੇਨਤੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਭੇਟਾ ਰਹਿਤ ਪ੍ਰਾਪਤ ਕਰਨ ਲਈ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪਾਂ ਅਤੇ ਹੋਰ ਬਿਰਧ ਗੁਟਕੇ, ਪੋਥੀਆਂ ਆਦਿ ਦੀ ਸੇਵਾ ਸੰਭਾਲ, ਅਗਨ ਭੇਟ ਸੇਵਾ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ਜੀ। ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ ਛੋਟੀ ਜਵੱਦੀ ਨੇੜੇ ਨਹਿਰ ਦਾ ਪੁਲ ਮਾਡਲ ਟਾਊਨ ਐਕਸਟੇਨਸ਼ਨ ਲੁਧਿ:



www.AKJ.Org

# ਤਾਮਸਿ ਲਗਾ ਸਦਾ ਫਿਰੈ, ਅਹਿਨਿਸਿ ਜਲਤੁ ਬਿਹਾਇ।।

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ,
ਸੁਤਿਆ ਰੈਣਿ ਵਿਹਾਣੀ।। (ਰਾਮਕਲੀ ਮ: ੩,ਅਨੰਦੁ)

ਇਹ ਸੰਸਾਰ ਤਿੰਨਾਂ ਗੁਣਾਂ ਦੇ ਅਸਰ ਹੇਠ ਬੇਹੋਸ਼ੀ ਦੀ ਨੀਂਦ ਸੁੱਤਾ ਪਿਆ ਹੈ। ਇਉਂ ਮਨੁੱਖ ਦੀ ਸਾਰੀ ਉਮਰ ਬੀਤ ਜਾਂਦੀ ਹੈ, ਪਰ ਜਾਗ ਨਹੀਂ ਖੁਲ੍ਹਦੀ। ਹਾਂ *"ਜਿਸਹਿ ਜਗਾਇ ਪੀਆਵੈ ਇਹੁ ਰਸੁ, ਅਕਥ ਕਥਾ ਤਿਨਿ ਜਾਨੀ"* ਦੀ ਖੇਡ ਭਾਗਾਂ ਨਾਲ ਹੀ ਵਰਤਦੀ ਹੈ, ਨਹੀਂ ਤਾਂ ਅਸੀਂ ਰਜੋ, ਤਮੋ, ਸਤੋ ਗੁਣ ਵਿਚ ਹੀ ਵਿਚਰਦੇ ਰਹਿੰਦੇ ਹਾਂ। ਤਿੰਨਾ ਗੁਣਾਂ ਦੀਆਂ ਵੱਖੋਂ ਵਖਰੀਆਂ ਲਕੀਰਾਂ ਖਿਚਣੀਆਂ ਤਾਂ ਬੜੀਆਂ ਔਖੀਆਂ ਹਨ। ਕਿਉਂਕਿ ਇਕੋ ਹੀ ਮਨੁੱਖ ਤਮੋ ਗੁਣੀ ਤੋਂ ਰਜੋ ਗੁਣੀ ਵਿਚ ਅਤੇ ਰਜੋ ਗੁਣੀ ਤੋਂ ਸਤੋ ਗੁਣੀ ਵਿਚ ਸਹਿਜੇ ਸਹਿਜੇ ਬਦਲਦਾ ਜਾਂਦਾ ਹੈ ਅਤੇ ਇਕ ਸਮਾਂ ਆਉਂਦਾ ਹੈ ਜਦੋਂ ਤਿੰਨਾਂ ਗੁਣਾਂ ਨੂੰ ਛਡ ਕੇ ਸਹਿਜ ਦੇ ਘਰ ਵਿਚ ਪੁੱਜ, ਅਨੰਦ ਮਾਣਦਾ ਹੈ। ਤਮੋਂ ਗੁਣ ਤੋਂ ਚਲ ਕੇ ਸਹਿਜ ਅਵਸਥਾ ਤਕ ਚਾਰ ਅਵਸਥਾ ਹਨ, ਜਿਨ੍ਹਾਂ ਦਾ ਬਾਣੀ ਵਿਚ ਕਈ ਥਾਈਂ ਸੰਕੇਤ ਮਿਲਦਾ ਹੈ। ਇਸ ਲੇਖ ਵਿਚ ਕੇਵਲ *"ਤਮੋ ਗੁਣ"* ਅਤੇ *"ਤਮੋ ਗੁਣੀ ਸੁਭਾ"* ਨੂੰ ਗੁਰਬਾਣੀ ਦੇ ਚਾਨਣੇ ਵਿਚ ਦੱਸਣ ਦਾ ਨਿਮਾਣਾ ਜਿਹਾ ਯਤਨ ਹੈ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ *'ਤਮੋਗੁਣ'* ਦੇ ਅਰਥ ਇਉਂ ਕੀਤੇ ਹਨ-

"ਅਧਕਾਰ ਰੂਪ ਮਾਇਆ ਦਾ ਤੀਜਾ ਗੁਣ,
ਅਗਯ ਨ ਕ੍ਰੋਧ।"

ਉਪਰੋਕਤ ਅਰਥਾਂ ਅਨੁਸਾਰ ਜੋ ਪ੍ਰਾਣੀ ਅੰਧਕਾਰ ਰੂਪ ਮਾਇਆ ਦੇ ਜਾਲ ਵਿਚ ਫਸੇ ਹੋਏ ਹਨ ਅਤੇ ਅਗਿਆਨਤਾ ਤੇ ਕ੍ਰੋਧ ਦੇ ਅਧੀਨ ਹੋ ਕੇ ਤਾਮਸੀ ਕਰਮ ਕਮਾਂਦੇ ਹਨ ਉਹ ਤਮੋਗੁਣੀ ਪੁਰਸ਼ ਕਹਾਉਂਦੇ ਹਨ। ਅਜਿਹੇ ਪੁਰਸ਼ ਨਾਮ ਤੋਂ ਕੋਹਾਂ ਦੂਰ ਹੁੰਦੇ ਹਨ ਅਤੇ ਉਹ ਸਾਕਤਾਂ, ਮਨਮੁਖਾਂ ਤੇ ਮੂਰਖਾਂ ਵਾਲੇ ਕਰਮ ਕਮਾਈ ਜਾਂਦੇ ਹਨ। ਇਹ ਲੋਕ ਆਪਣੇ ਮਨ ਦੀ ਮਤਿ ਦੇ ਆਸਰੇ ਤੁਰਦੇ ਹਨ। ਜੇ ਇਹਨਾਂ ਨੂੰ ਕੋਈ ਗਿਆਨ ਦੀ ਗੱਲ ਸੁਣਾਈ ਜਾਏ ਤਾਂ ਇਹਨਾਂ ਨੂੰ ਉੱਕਾ ਹੀ ਚੰਗੀ ਨਹੀਂ ਲਗਦੀ। ਰੱਬ ਤੋਂ ਭੁੱਲੇ ਹੋਣ ਕਰਕੇ ਰੱਬ ਦਾ ਨਾਮ ਵੀ ਇਹਨਾਂ ਨੂੰ ਸੁਖਾਂਦਾ ਨਹੀਂ। ਭਲਾ ਉਸ਼ ਮਾਲਕ ਦਾ ਹੁਕਮ ਮੰਨਣਾ ਤਾਂ ਅਜੇ ਦੂਰ ਦੀ ਗੱਲ ਹੈ। ਯਥਾ ਗੁਰਵਾਕ :-

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ * ਨਾਹੀ ਨਾਉ।।
(ਪੰਨਾ ੧੦੧੫)

ਜਿਉ ਜਿਉ ਰਾਮੁ ਕਹਹਿ ਜਨ ਊਚੇ,
ਨਰ ਨਿੰਦਕ ਡੰਸੁ ਲਗਾਇ।।੩।।
(ਰਾਮਕਲੀ ਮ: ੪, ਪੰਨਾ ੮੮੧)

ਅਸੰਖ ਮੂਰਖ ਅੰਧ ਘੋਰ..... ਵਾਲੀ, ਜਪੁਜੀ ਦੀ ਸਮੁੱਚੀ ਪਉੜੀ ਤਮੋਗੁਣੀ ਸੁਭਾ ਦਾ ਨਿਰੂਪਣ ਕਰਦੀ ਹੈ।

ਭਾਵ ਇਹ ਹੈ ਕਿ ਤਮੋਗੁਣੀ ਸੁਭਾ ਵਾਲੇ ਪ੍ਰਾਣੀ ਹਰ ਤਰ੍ਹਾਂ ਦੇ ਵਿਸ਼ੇ ਵਿਕਾਰਾਂ ਵਿਚ ਅਤੇ ਖਾਣ-ਪੀਣ ਵਿਚ ਮਸਤ ਰਹਿੰਦੇ ਹਨ। ਉਹ ਆਪਣੇ ਜੀਵਨ ਦਾ ਮਨੋਰਥ ਖਾਣ-ਪੀਣ ਤੋਂ ਸਿਵਾ ਹੋਰ ਕੁਝ ਨਹੀਂ ਸਮਝਦੇ। ਗੁਰਬਾਣੀ ਇਸ ਨੂੰ ਇਉਂ ਸਪਸ਼ਟ ਕਰਦੀ ਹੈ -

ਖਾਣਾ ਪੀਣਾ ਹਸਣਾ ਸਉਣਾ,
ਵਿਸਰਿ ਗਇਆ ਹੈ ਮਰਣਾ।।
ਖਸਮੁ ਵਿਸਾਰਿ ਖੁਆਰੀ ਕੀਨੀ ,
ਧ੍ਰਿਗੁ ਜੀਵਣੁ ਨਹੀ ਰਹਣਾ।।੧।।
(ਮਲਾਰ ਮ: ੧, ਪੰਨਾ ੧੨੫੪)

ਇਹੋ ਨਕਸ਼ਾ ਹੇਠ ਲਿਖੇ ਸ਼ਬਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਸਾਰੰਗ ਰਾਗ ਵਿੱਚ ਦਿੱਤਾ ਹੈ-

ਬਿਖਈ ਦਿਨੁ ਰੈਨਿ ਇਵਹੀ ਗੁਦਾਰੈ।।
ਗੋਬਿੰਦੁ ਨ ਭਜੈ, ਅਹੰਬਧਿ ਮਾਤਾ,
ਜਨਮੁ ਜੂਐ ਜਿਉ ਹਾਰੈ।।੧।।
ਰਹਾਉ।। ਨਾਮੁ ਅਮੋਲਾ, ਪ੍ਰੀਤਿ ਨ ਤਿਸ ਸਿਉ,
ਪਰਨਿੰਦਾ ਹਿਤਕਾਰੈ।।
ਛਾਪਰੁ ਬਾਧਿ ਸਵਾਰੈ ਤ੍ਰਿਣ ਕੋ,
ਦੁਆਰੈ ਪਾਵਕੁ ਜਾਰੈ।।੧।।
ਕਾਲਰ ਪੋਟ ਉਠਾਵੈ ਮੂੰਡਹਿ,
ਅੰਮ੍ਰਿਤੁ ਮਨ ਤੇ ਡਾਰੈ।।
ਓਢੈ ਬਸਤ੍ਰ ਕਾਜਰ ਮਹਿ ਪਰਿਆ,
ਬਹੁਰਿ ਬਹੁਰਿ ਫਿਰਿ ਝਾਰੈ।। ੨।।
ਕਾਟੈ ਪੇਡੁ ਡਾਲ ਪਰਿ ਠਾਢੌ,
ਖਾਇ ਖਾਇ ਮੁਸਕਾਰੈ।।
ਗਿਰਿਓ ਜਾਇ ਰਸਾਤਲਿ ਪਰਿਓ,
ਛਿਟੀ ਛਿਟੀ ਸਿਰ ਭਾਰੈ।। ੩।।
ਨਿਰਵੈਰੈ ਸੰਗਿ ਵੈਰੁ ਰਚਾਏ,
ਪਹੁਚਿ ਨ ਸਕੈ ਗਵਾਰੈ।।
ਕਹੁ ਨਾਨਕ ਸੰਤਨ ਕਾ ਰਾਖਾ,
ਪਾਰਬ੍ਰਹਮੁ ਨਿਰੰਕਾਰੈ।।੪।।੧੦।। (ਪੰਨਾ ੧੨੦੫)

ਹਰ ਇਕ ਨਾਲ ਝਗੜਾ, ਈਰਖਾ, ਨਿੰਦਾ



www.AKJ.Org

ਚੁਗਲੀ, ਦੁਸ਼ਮਨੀ, ਦੰਗਾ ਕਰਨਾ, ਝੂਠ ਬੋਲਣਾ, ਚੋਰੀ ਕਰਨਾ ਇਹ ਤਮੋਗੁਣੀ ਸੁਭਾ ਵਿਚ ਇਕ ਸਾਧਾਰਨ ਜਿਹੀ ਗੱਲ ਹੁੰਦੀ ਹੈ, ਕਿਉਂਕਿ ਇਸੇ ਅਵਸਥਾ ਬਾਰੇ ਹੀ *"ਕਰਤੂਤਿ ਪਸੂ ਕੀ ਮਾਨਸ ਜਾਤਿ"*- ਦਾ ਇਸ਼ਾਰਾ ਕੀਤਾ ਗਿਆ ਹੈ ਅਤੇ ਇਹੋ ਜਿਹੇ ਲੋਕ ਹੀ *"ਚੰਦਨ ਲੇਪੁ ਉਤਾਰੈ ਧੋਇ।। ਗਰਧਬ ਪ੍ਰੀਤਿ ਭਸਮ ਸੰਗਿ ਹੋਇ।।"* ਦੀ ਉਦਾਹਰਣ ਪੇਸ਼ ਕਰਦੇ ਹਨ।

ਜਿਥੇ ਤਮੋਗੁਣੀ ਲੋਕਾਂ ਦਾ ਪਸ਼ੂ ਸਮ-ਕ੍ਰਿਆ (ਖਾਣਾ, ਸੌਣਾ ਤੇ ਉਤਪਾਦਨ ਕਰਨਾ) ਉਤੇ ਜ਼ਿਆਦਾ ਜੋਰ ਹੁੰਦਾ ਹੈ, ਭਾਵ *"ਰੋਟੀ, ਕਪੜਾ ਔਰ ਮਕਾਨ'* ਦੇ ਚੱਕਰ ਵਿਚ ਪਏ ਰਹਿਣਾ ਹੀ ਆਪਣੇ ਜੀਵਨ ਦਾ ਵੱਡਾ ਮਨੋਰਥ ਸਮਝਿਆ ਜਾਂਦਾ ਹੈ, ਉੱਥੇ ਪੰਜੇ ਦੂਤ ਇਹਨਾਂ ਉੱਤੇ ਆਪਣਾ ਬਹੁਤ ਕਰੜਾ ਪਹਿਰਾ ਰੱਖਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵੱਸ ਵਿਚ ਪਏ ਹੋਏ ਪ੍ਰਾਣੀ ਦਾ ਨਕਸ਼ਾ ਗੁਰਬਾਣੀ ਵਿਚ ਥਾਂ ਥਾਂ ਵਰਣਨ ਕੀਤਾ ਗਿਆ ਹੈ। ਜਿੰਨਾ ਚਿਰ ਇਸ ਬੁਨਿਆਦੀ ਨੁਕਤੇ ਨੂੰ ਨਹੀਂ ਫੜਿਆ ਜਾਂਦਾ, ਉਤਨਾ ਚਿਰ ਤਮੋ ਗੁਣ ਦੇ ਦਾਇਰੇ ਵਿਚੋਂ ਨਿਕਲਣਾ ਮਨੁੱਖ ਲਈ ਔਖਾ ਹੈ।

ਇਸ ਤਮੋਗੁਣੀ ਅਵਸਥਾ ਵਿੱਚ ਇਕ ਬੜੀ ਅਜੀਬ ਚੀਜ਼ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਮਨੁੱਖ ਸੁਭਾਵਕ ਤੌਰ ਤੇ ਹੀ ਕਈ ਤਰ੍ਹਾਂ ਦੇ ਸੁਆਦ ਮਾਣਨ ਵਿੱਚ ਜੀਵਨ ਬਿਤਾਉਂਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਮਨੁੱਖ ਦਾ ਆਪਣੇ ਉੱਪਰ ਕੋਈ ਕੰਟਰੋਲ ਨਹੀਂ ਰਿਹਾ ਅਤੇ ਉਹ ਦੁਨਿਆਵੀਂ ਭੋਗਾਂ ਤੇ ਸੁਆਦਾਂ ਵਾਲੀ ਬਿਰਤੀ ਦੇ ਅਧੀਨ ਬਿਲਕੁਲ ਅੰਨ੍ਹਾ ਹੋ ਕੇ ਵਿਚਰਦਾ ਹੈ। ਮਿਸਾਲ ਵਜੋਂ ਮਾਸ, ਮੱਛੀ, ਅੰਡਾ, ਸ਼ਰਾਬ ਸਭ ਤਮੋਗੁਣੀ ਭੋਜਨ ਹਨ, ਪਰ ਖਾਣ ਵਾਲੇ ਸੱਜਣ ਜੀਆਂ ਨੂੰ ਕੋਹਣੋਂ ਕਦੀ ਸੰਕੋਚ ਨਹੀਂ ਕਰਦੇ, ਕੇਵਲ ਸੁਆਦ ਲਈ ਕੀ ਕੁਝ ਨਹੀਂ ਕਰਦੇ। *"ਸੁਆਦਤਿ ਜੀਅ ਸੰਘਾਰੈ।।* (ਆਸਾ ਕਬੀਰ ਜੀ, ਪੰਨਾ ੪੮੩) ਜਾਂ *"ਜੀਆਂ ਕੁਹਤ ਨ ਸੰਗੈ ਪਰਾਣੀ।।* (ਗਉੜੀ ਮ:੫, ਪੰਨਾ ੨੦੧)

ਇਸੇ ਤਰ੍ਹਾਂ ਹੀ ਕਾਮ ਦੇ ਵਸ ਵਿਚ ਬੇਵੱਸ ਹੋਇਆ ਉਤੇਜਨਾ ਭਰਿਆ ਮਨੁੱਖ ਗਲੀਆਂ ਬਜ਼ਾਰਾਂ ਵਿੱਚ, ਧਰਮ-ਅਸਥਾਨਾਂ ਵਿੱਚ, ਸਕੂਲਾਂ ਕਾਲਜਾਂ ਜਾਂ ਸਿਨੇਮਾ-ਘਰਾਂ ਵਿੱਚ ਖੜਾ ਕਾਮ-ਚੇਸ਼ਟਾ ਦੇ ਅਧੀਨ ਝਖਾਂ ਮਾਰਦਾ ਫਿਰਦਾ ਹੈ। ਅਜ ਸਾਡੇ ਸਮਾਜ ਵਿੱਚ ਤਮੋਗੁਣ ਦਿਨੋ-ਦਿਨ ਵੱਧ ਰਿਹਾ ਹੈ, ਚਾਹੇ ਉਸ ਦਾ ਕਾਰਨ ਤਮੋਗੁਣੀ ਭੋਜਨ ਹੋਵੇ, ਚਾਹੇ ਪੱਛਮੀ ਵਿਦਿਆ ਦੇ ਅਸਰ ਹੇਠ ਫੈਲ ਰਹੇ ਤੌਰ-ਤਰੀਕੇ ਹੋਣ ਜਾਂ ਫ਼ਿਲਮੀ ਦੁਨੀਆਂ ਦਾ ਗੰਦਾ ਵਾਤਵਰਨ ਹੋਵੇ। ਮੁਕਦੀ ਗੱਲ ਇਹ ਹੈ ਕਿ ਦਿਨੋ-ਦਿਨ ਅਸੀਂ ਤਮੋਗੁਣ ਵਲ ਵਧਦੇ ਜਾ ਰਹੇ ਹਾਂ। ਇਸੇ ਤਰ੍ਹਾਂ ਕਰੋਧ ਦਾ ਹਾਲ ਹੈ। ਝੱਟ ਗਾਲਾਂ ਕੱਢਣੀਆਂ, ਸਹਿਜੇ-ਮਿੱਠਾ ਨਾ ਬੋਲਣਾ, ਆਪਣੇ ਆਪ ਤੋਂ ਬਾਹਰ ਹੋ ਜਾਣਾ, ਦੂਜੇ ਦੀ ਬੇ-ਇਜ਼ਤੀ ਕਰ ਦੇਣਾ ਤਮੋ-ਗੁਣੀ ਸੁਭਾ ਦੇ ਲੱਛਣ ਹਨ। ਲੋਭ ਦੇ ਵੱਸ ਹੋ ਕੇ ਅਸੀਂ ਰਿਸ਼ਵਤ ਲੈਣਾ ਕੋਈ ਪਾਪ ਨਹੀਂ ਸਮਝਦੇ, ਸਗੋਂ ਅਜ ਦੇ ਸਮੇਂ ਵਿੱਚ *"ਉਪਰਲੀ ਆਮਦਨ"* ਨੂੰ ਚੰਗਾ ਸਮਝਿਆ ਜਾਣ ਲੱਗ ਪਿਆ ਹੈ। ਇਸੇ ਕਿਸਮ ਦੇ ਸੁਭਾ ਦੇ ਲੱਛਣ ਗਉੜੀ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਨੇ ਇਉਂ ਸਮਝਾਏ ਹਨ-

ਨੈਨਹੁ ਨੀਦ ਪਰਦ੍ਰਿਸਟਿ ਵਿਕਾਰ।।
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ।।
ਰਸਨਾ ਸੋਈ ਲੋਭਿ ਮੀਠੈ ਸਾਦਿ।।
ਮਨੁ ਸੋਇਆ ਮਾਇਆ ਬਿਸਮਾਦਿ।।੧।।
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ।।
ਸਾਬਤੁ ਵਸਤੁ ਓਹੁ ਅਪਨੀ ਲਹੈ।। ੧।। ਰਹਾਉ।।
ਸਗਲ ਸਹੇਲੀ ਅਪਨੈ ਰਸ ਮਾਤੀ।।
ਗ੍ਰਿਹ ਅਪੁਨੇ ਕੀ ਖਬਰਿ ਨਾ ਜਾਤੀ।।
ਮੁਸਨਹਾਰ ਪੰਚ ਬਟਵਾਰੇ।।
ਸੂਨੇ ਨਗਰਿ ਪਰੇ ਠਗਹਾਰੇ ।।੨।।
ਉਨ ਤੇ ਰਾਖੈ ਬਾਪੁ ਨ ਮਾਈ।।
ਉਨ ਤੇ ਰਾਖੈ ਮੀਤੁ ਨ ਭਾਈ ।।
ਦਰਬਿ ਸਿਆਣਪ ਨਾ ਓਇ ਰਹਤੇ।।
ਸਾਧ ਸੰਗਿ ਓਇ ਦੁਸਟਵਸਿ ਹੋਤੇ।।੩।।
ਕਰਿ ਕਿਰਪਾ ਮੋਹਿ ਸਾਰਿੰਗ ਪਾਣਿ।
ਸੰਤਨ ਧੂਰਿ ਸਰਬ ਨਿਧਾਨ।।
ਸਾਬਤੁ ਪੂੰਜੀ ਸਤਿਗੁਰ ਸੰਗਿ।।
ਨਾਨਕੁ ਜਾਗੈਪਾਰਬ੍ਰਹਮ ਕੈ ਰੰਗਿ।।੪।।
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ।।
ਇਹ ਪੂੰਜੀ ਸਾਬਤੁ ਧਨੁ ਮਾਲੁ।। ੧।।
ਰਹਾਉ ਦੂਜਾ।।੨੦।।੮੯।।

(ਪੰਨਾ ੧੮੨)

ਸਪੱਸ਼ਟ ਹੈ ਕਿ ਤਮੋਗੁਣੀ ਮਨੁੱਖ ਅਗਿਆਨਤਾ ਦੀ ਘੋਰ ਨਿੰਦਰਾ ਵਿੱਚ ਸੁੱਤਾ ਰਹਿੰਦਾ ਹੈ ਤੇ ਕੇਵਲ ਪ੍ਰਭੂ ਕਿਰਪਾਲ ਦੀ ਕਿਰਪਾ ਨਾਲ ਹੀ ਜਾਗ ਖੁਲ੍ਹਦੀ ਹੈ। ਇਹੋ ਜਿਹੇ ਮਨੁੱਖ ਜਦੋਂ ਸਮਾਜ ਦੇ ਵੱਖੋ-ਵੱਖ ਖੇਤਰਾਂ ਵਿੱਚ ਵਿਚਰਦੇ ਹਨ ਤਾਂ ਉਹਨਾਂ ਦੇ ਕੰਮਾਂ ਤੋਂ ਤਮੋ-ਗੁਣੀ ਦੁਰਗੰਧ ਆਉਂਦੀ ਹੈ। ਜੇ ਉਹ ਵਲੀ-ਕੰਧਾਰੀ ਹੈ ਤਾਂ ਕ੍ਰੋਧ ਵਿੱਚ ਅੰਨਾ ਹੋਇਆ ਹੋਇਆ ਜਗਤ ਦੇ ਨੂਰ ਨੂੰ ਪੱਥਰ ਮਾਰ ਰਿਹਾ ਹੈ। ਜੇ ਉਹ ਹਮਜ਼ਾ ਗੌਸ ਪੀਰ ਹੈ ਤਾਂ ਕਰੋਧੀ ਬਣ ਕੇ ਸਿਆਲਕੋਟ ਦੇ ਸਮੂਹ ਨਿਰਦੋਸ਼ੀ ਵਸਨੀਕਾਂ ਨੂੰ ਗਰਕ ਕਰਨ ਤੇ ਤੁਲਿਆ ਖੜਾ ਹੈ।

ਸਾਡੇ ਅੱਜ ਦੇ ਧਰਮ-ਅਸਥਾਨਾਂ ਦੇ ਸੇਵਾਦਾਰ ਤਮੋਗੁਣੀ ਸੇਵਾ ਦਾ ਨਮੂਨਾ ਹਨ। ਗੁਰੂ-ਰਹਿਤ-ਰਹਿਣੀ ਤੋਂ ਬੇਮੁਖ ਧਰਮ-ਅਸਥਾਨਾਂ ਵਿੱਚ ਕਈ ਕਿਸਮ ਦੇ ਕੁਕਰਮ


www.AKJ.Org

ਕਰਦੇ ਹੋਏ ਦੇਖੇ ਸੁਣੇ ਜਾਂਦੇ ਹਨ। ਪਤਿਤ-ਕਰਮੀ ਲੋਕ ਸਾਡੇ ਅਦਾਰਿਆਂ ਦੇ ਪਰਧਾਨ ਜਾਂ ਸਕੱਤਰ ਬਣਦੇ ਹਨ। ਪਰ ਸਾਨੂੰ ਬਹੁਤਾ ਮਹਿਸੂਸ ਨਹੀਂ ਹੁੰਦਾ ਕਿਉਂਕਿ ਅਸੀਂ ਆਪ ਵੀ ਤਮੋਗੁਣੀ ਸੁਭਾਅ ਵਾਲੇ ਬਣਦੇ ਜਾਂਦੇ ਹਾਂ ਜਾਂ ਅਸੀਂ ਉਹਨਾਂ ਤੋਂ ਬਚ ਕੇ ਚਲਣਾ ਚਾਹੁੰਦੇ ਹਾਂ।

ਬਾਣੀ ਨੂੰ ਟਕੇ ਲੈ ਕੇ ਵੇਚਣਾ, ਕੀਰਤਨ ਜਾਂ ਪਾਠ ਦੀ ਸੇਵਾ ਲਈ ਲੋਭ ਦੇ ਅਸਰ ਹੇਠ ਅੰਨ੍ਹੇ ਹੋ ਕੇ ਵਰਤਣਾ ਘੋਰ ਤਮੋਗੁਣ ਹੈ, ਜਿਸ ਨੂੰ ਸਾਡਾ ਸਮਾਜ ਬਰਦਾਸ਼ਤ ਕਰਦਾ ਹੈ ਅਤੇ ਉਤਸ਼ਾਹ ਦੇਂਦਾ ਹੈ। ਤਮੋਗੁਣੀ ਅਵਸਥਾ ਵਿੱਚ ਭਗਤੀ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਪਰਮਾਤਮਾ ਦਾ ਭੈ, ਗੁਰੂ ਸਾਹਿਬ ਦਾ ਅਦਬ-ਸਤਿਕਾਰ, ਹੁਕਮ ਰਜ਼ਾ ਵਿਚ ਚਲਣਾ, ਇਹ ਤਾਂ ਅਜੇ ਦੂਰ ਦੀਆਂ ਹੀ ਗੱਲਾਂ ਹਨ। ਤਮੋਗੁਣੀ ਮਨੁੱਖ ਤੋਂ ਘਟੀਆਂ ਤੋਂ ਘਟੀਆਂ ਆਚਰਣ ਦੀ ਆਸ ਕੀਤੀ ਜਾ ਸਕਦੀ ਹੈ। ਠੱਗੀ, ਗੁੰਡਾ-ਗਰਦੀ, ਅਤੇ ਧੱਕਾ ਕਰਨ ਵੱਲ ਉਸਦਾ ਜ਼ਿਆਦਾ ਧਿਆਨ ਹੁੰਦਾ ਹੈ ਅਤੇ ਉਹ ਰੱਬ ਦੀ ਹੋਂਦ ਬਾਰੇ ਵੀ ਸਬੂਤ ਮੰਗਦਾ ਹੈ।

ਸਿੱਖ ਪੰਥ ਤੋਂ ਭਗਤੀ-ਮਾਰਗ ਦਾ ਪੰਥ ਸਾਜਿਆ ਗਿਆ ਹੈ, ਜਿਸਦਾ ਸਿੱਧਾ ਸੰਬੰਧ ਸਹਿਜ ਅਵਸਥਾ ਨਾਲ ਹੈ। ਸ਼ਾਇਦ ਪੰਡਤਾਂ ਦੀ ਸ਼ਰਾਰਤ ਨਾਲ ਜਾਂ ਮਗਰੋਂ ਅੰਗਰੇਜ਼ਾਂ ਦੀ ਸ਼ਰਾਰਤ ਨਾਲ ਸਾਡੇ ਇਤਿਹਾਸ ਵਿੱਚ ਇਹ ਗੱਲ ਮੱਲੋ-ਮੱਲੀ ਜੋੜੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ ਔਕੜ ਸਮੇਂ ਮਾਸ ਖੁਆਇਆ ਜਾਂ ਆਪ ਸ਼ਿਕਾਰ ਕਰ ਕੇ ਮਾਸ ਖਾਂਦੇ ਸਨ। ਸਾਡੇ ਗੁਰੂ ਸਾਹਿਬਾਨ ਨੇ ਆਪਣੇ ਲੰਗਰ ਵਿਚ ਕਦੇ ਵੀ ਤਮੋਗੁਣੀ ਭੋਜਨ ਨਹੀਂ ਬਣਾਇਆ ਅਤੇ ਨਾ ਹੀ ਗੁਰਬਾਣੀ ਅੰਦਰ ਤਮੋਗੁਣੀ ਭੋਜਨ ਖਾਣ ਦਾ ਹੁਕਮ ਹੈ-

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ,
ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥
(ਸਿਰੀ ਰਾਗੁ ਮ: ੧ ਪੰਨਾ ੧੬)

ਇਹ ਗੱਲ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਚਾਲਬਾਜ਼ਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਦੇਵੀ-ਪੂਜਨ ਦੀ ਕਥਾ ਜੋੜੀ ਜਾਂਦੀ ਹੈ।

ਨਤੀਜਾ ਇਹ ਹੋਇਆ ਹੈ ਕਿ ਹੌਲੀ ਹੌਲੀ ਸਾਡੀ ਕੌਮ ਨਿਘਰਦੀ ਜਾ ਰਹੀ ਹੈ ਅਤੇ ਦੁਨੀਆਂ ਇਹ ਕਹਿਣ ਲੱਗ ਪਈ ਹੈ ਕਿ ਉਹ ਸਿੱਖ ਹੀ ਨਹੀਂ ਜੋ ਸ਼ਰਾਬ ਮਾਸ ਨਹੀਂ ਖਾਂਦਾ। ਮੁੱਕਦੀ ਗੱਲ ਇਹ ਹੈ ਕਿ ਅਸੀਂ ਇਹ ਜੀਵਨ ਤਮੋਗੁਣੀ ਅਵਸਥਾ ਵਿੱਚ ਹੀ ਗੁਜ਼ਾਰ ਦੇਣਾ ਹੈ ? ਕੀ ਅਸੀਂ ਸਾਰੀ ਉਮਰ ਗੁਰੂ ਤੋਂ ਬੇਮੁੱਖ ਹੋ ਕੇ ਦੋਸ਼ੀ ਵੱਤ ਹੀ ਢੀਠ ਬਣ ਕੇ ਰਹੀ ਜਾਣਾ ਹੈ ? ਇਸਦਾ ਫ਼ੈਸਲਾ ਇਸ ਜਨਮ ਵਿੱਚ ਹੀ ਹੋ ਜਾਏ ਤਾਂ ਚੰਗਾ ਹੈ।

ਇਸੁ ਪਉੜੀ ਤੇ ਜੋ ਨਰੁ ਚੂਕੈ,
ਸੋ ਆਇ ਜਾਇ ਦੁਖੁ ਪਾਇਦਾ॥੨॥
(ਮਾਰੂ ਸੋਲਹੇ ਮ: ੫, ੧੦੭੫)

ਜਾਂ

ਪਉੜੀ ਛੁੜਕੀ ਫਿਰਿ ਹਾਥਿ ਨ ਆਵੈ,
ਅਹਿਲਾ ਜਨਮੁ ਗਵਾਇਆ॥੧॥
(ਬਿਲਾਵਲੁ ਮਹਲਾ ੩, ਪੰਨਾ ੭੯੬)

ਕਹਹੁ ਗੁਸਾਈ ਮਿਲੀਐ ਕੇਹ॥
ਜੋ ਬਿਬਰਜਤ ਤਿਸ ਸਿਉ ਨੇਹ॥੧॥ ਰਹਾਉ॥
(ਗਉੜੀ ਮ: ੫, ਪੰਨਾ ੧੮੫)

## ਗੁਰਸਿਖੀ ਦੀ ਇਹ ਨਿਸ਼ਾਨੀ

੧. ਅੰਮ੍ਰਿਤ ਛਕ ਕੇ ਪੰਜ ਕਰਾਰੀ ਰਹਿਤ ਰੱਖ ਕੇ, ਚਾਰ ਬਜਰ ਕੁਰਹਿਤਾਂ ਤੋਂ ਬਚੇ ਰਹਿਣਾ ਸਿਖੀ ਦੀ ਮੁਢਲੀ ਸ਼ਰਤ ਹੈ। ਇਸ ਤੋਂ ਬਿਨਾ ਕਿਸੇ ਨੂੰ ਸਿਖ ਅਖਵਾਉਣ ਦਾ ਅਧਿਕਾਰ ਨਹੀਂ। ਜੋ ਕੋਈ ਅੰਮ੍ਰਿਤ ਛਕੇ ਬਗੈਰ ਹੀ ਆਪਣੇ ਆਪ ਨੂੰ ਸਿੱਖ ਸਮਝਦਾ ਹੈ ਤਾਂ ਉਹ ਆਪਣੇ ਆਪ ਨੂੰ ਧੋਖਾ ਦਿੰਦਾ ਹੈ। ਉਹ ਮਨ ਦਾ ਸਿੱਖ ਹੈ, ਗੁਰੂ ਦਾ ਨਹੀਂ।

੨. ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਲਈ ਸਵਾ ਪਹਿਰ ਰਾਤ ਰਹਿੰਦੀ ਜਾਗਣਾ, ਇਸ਼ਨਾਨ ਕਰਨਾ ਤੇ ਪ੍ਰਭੂ ਚਰਨਾਂ ਨਾਲ ਇਕ-ਸੁਰ ਹੋ ਕੇ ਨਾਮ ਜਪਣਾ ਅਤੇ ਫਿਰ ਘਟੋ ਘਟ ਪੰਜ ਬਾਣੀਆਂ ਦਾ ਨਿਤਨੇਮ ਕਰਨਾ ਅਤਿ ਜ਼ਰੂਰੀ ਹੈ।

੩. ਮਨ ਦੀ ਸੁਧਾਈ ਲਈ ਸੋਚਾਂ ਵਿਚਾਰਾਂ ਤੇ ਫੁਰਨਿਆਂ ਨੂੰ ਰੋਕ ਕੇ ਰੱਖਣਾ ਅਤੇ ਅੱਠੇ ਪਹਿਰ ਸੁਰਤ ਨੂੰ ਸ਼ਬਦ ਵਿਚ ਜੋੜੀ ਰੱਖਣਾ ਗੁਰਮੁਖਾਂ ਦੀ ਕਾਰ ਹੈ।

੪. ਨੇਕ ਕਮਾਈ ਤੇ ਦਸਾਂ ਨਹੁੰਆਂ ਦੀ ਕਮਾਈ ਕਰਨ ਵਾਲੇ ਨੂੰ ਹੀ ਪਰਮਾਰਥ ਦੀ ਸੋਝੀ ਪੈ ਸਕਦੀ ਹੈ।

੫. ਮਿਠਾ ਬੋਲਣ, ਨਿਵ ਚਲਣ, ਹਥਹੁ ਦੇ ਕੇ ਭਲਾ ਮਨਾਏ।

੬. ਬੋਲੀਐ ਸਚੁ ਧਰਮੁ, ਝੂਠੁ ਨ ਬੋਲੀਐ॥ ਜੋ ਗੁਰੁ ਦਸੈ ਵਾਟ, ਮੁਰੀਦਾਂ ਜੋਲੀਐ॥ (ਆਸਾ ਫ਼ਰੀਦ ਜੀ)


www.AKJ.Org

# ਸੰਸਾਰ ਵਿੱਚ ਕੇਸਾਂ ਬਾਰੇ ਹੋਈ ਵਿਗਿਆਨਕ ਖੋਜ

(ਸ: ਸਰੂਪ ਸਿੰਘ ਜੀ)

(ਪੱਛਮੀ ਦੇਸਾਂ ਵਿੱਚ ਕੇਸਾਂ ਦੀ ਮਹੱਤਤਾ ਦਿਨੋ ਦਿਨ ਵੱਧਦੀ ਜਾ ਰਹੀ ਹੈ ਅਤੇ ਇਸ ਬਾਰੇ ਨਵੀਨ ਖੋਜ ਹੋ ਰਹੀ ਹੈ। ਉਸ ਖੋਜ ਦੇ ਆਧਾਰ ਤੇ ਇਹ ਲੇਖ ਬਹੁਤ ਜ਼ਰੂਰੀ ਹੋਣ ਕਰਕੇ ਹੇਠਾਂ ਦਿੱਤਾ ਜਾ ਰਿਹਾ ਹੈ।)- ਸੰਪਾਦਕ

ਪ੍ਰਮਾਤਮਾ ਨੇ ਮਨੁੱਖ ਦੇ ਸਰੀਰ ਤੇ ਕੋਈ ਵੀ ਚੀਜ਼ ਅਜਿਹੀ ਨਹੀਂ ਲਗਾਈ ਜਿਹੜੀ ਫ਼ਜ਼ੂਲ ਹੋਵੇ। ਇਸ ਨਜ਼ਰੀਏ ਨੂੰ ਮੰਨਦਿਆਂ ਹੋਇਆਂ ਇਹੀ ਕਿਹਾ ਜਾ ਸਕਦਾ ਹੈ ਕਿ ਕੇਸ ਕਟਵਾਣਾ ਵਾਹਿਗੁਰੂ ਵਲੋਂ ਦਿੱਤੀ ਹੋਈ ਇੱਕ ਦਾਤ ਨੂੰ ਅਪਰਵਾਨ ਕਰਨਾ ਹੈ। ਸੰਸਾਰ ਭਰ 'ਚ ਪੁਰਾਣੇ ਸਮਿਆਂ ਤੋਂ ਹਰ ਕਿਸਮ ਦੇ ਲੋਕੀ ਕੇਸਾਂ ਦਾ ਪੂਰਾ ਪੂਰਾ ਸਤਿਕਾਰ ਕਰਦੇ ਸਨ ਅਤੇ ਇਹਨਾਂ ਨੂੰ ਕਟਵਾਣਾ ਸ਼ਰਮਨਾਕ ਅਤੇ ਬੇ-ਇਜ਼ਤੀ ਵਾਲੀ ਹਰਕਤ ਸਮਝਦੇ ਸਨ। ਇਤਿਹਾਸ ਗਵਾਹ ਹੈ ਕਿ ਸਾਰੇ ਰਿਸ਼ੀਆਂ ਮੁਨੀਆਂ ਅਤੇ ਪੀਰਾਂ ਪੈਗੰਬਰਾਂ ਨੇ ਵੀ ਦਾੜ੍ਹੀਆਂ ਅਤੇ ਕੇਸ ਰੱਖੇ। ਕਹਿੰਦੇ ਹਨ ਮਨੂੰ ਨੇ ਪਹਿਲੀ ਵਾਰ ਬ੍ਰਾਹਮਣਾਂ ਉੱਤੇ ਇਹ ਸਜ਼ਾ ਲਗਾਈ ਸੀ ਕਿ ਜੇਕਰ ਉਹ ਕੋਈ ਕੁਕਰਮ ਕਰਨ ਤਾਂ ਇਨ੍ਹਾਂ ਨੂੰ ਜਾਨੋਂ ਮਾਰਨ ਦੀ ਥਾਂ ਉਨ੍ਹਾਂ ਦਾ ਸਿਰ ਮੂੰਹ ਮੁੰਨ ਦਿੱਤਾ ਜਾਵੇ। ਇਹ ਉਨ੍ਹਾਂ ਲਈ ਮੌਤ ਨਾਲੋਂ ਵੀ ਵੱਧ ਸਜ਼ਾ ਗਿਣੀ ਜਾਂਦੀ ਸੀ। ਪੁਰਾਣੇ ਸਮਿਆਂ ਵਿੱਚ ਇਸੇ ਕਿਸਮ ਦਾ ਹੀ ਰਿਵਾਜ ਯੂਨਾਨ ਵਿੱਚ ਪ੍ਰਚਲਤ ਸੀ। ਮੁਸਲਮਾਨਾਂ ਵਿੱਚ ਵੀ ਹਾਜੀ ਨੂੰ ਹਜ ਦਾ ਸਵਾਬ ਨਹੀਂ ਮਿਲਦਾ, ਜੇਕਰ ਉਹ ਲੰਬੀ ਦਾੜ੍ਹੀ ਨਾ ਰੱਖੇ। ਔਰੰਗਜ਼ੇਬ ਇੱਕ ਕਟੜ ਸੁੰਨੀ ਮੁਸਲਮਾਨ ਸੀ ਤੇ ਹਾਜੀਆਂ ਪ੍ਰਤੀ ਉਹ ਬਹੁਤ ਸਤਿਕਾਰ ਰੱਖਦਾ ਸੀ। ਉਸ ਨੇ ਇੱਕ ਲੰਬੀ ਦਾੜ੍ਹੀ ਵਾਲੇ ਨੂੰ ਹਾਜੀ ਸਮਝ ਕੇ ਬੜੇ ਪਿਆਰ ਨਾਲ ਬੁਲਾਇਆ, ਪਰ ਜਦ ਉਸ ਨੂੰ ਪਤਾ ਲੱਗਾ ਕਿ ਇਹ ਹਾਜੀ ਨਹੀਂ, ਹਿੰਦੂ ਹੈ, ਤਾਂ ਕਰੋਧ ਵਿੱਚ ਆ ਕੇ ਉਸ ਨੇ ਇਸ ਗੱਲ ਦੀ ਬੰਦਸ਼ ਲਗਾ ਦਿੱਤੀ ਕਿ ਉਸ ਦੇ ਰਾਜ ਵਿੱਚ ਕੋਈ ਵੀ ਹਿੰਦੂ ਨਾ ਤਾਂ ਦਾੜ੍ਹੀ ਰੱਖ ਸਕਦਾ ਹੈ ਅਤੇ ਨਾ ਪੱਗ ਬੰਨ੍ਹ ਸਕਦਾ ਹੈ। ਇਸ ਤੋਂ ਇਲਾਵਾ ਬਹਾਦਰ ਸ਼ਾਹ ਨੇ ਜਦ ਸਿੱਖ ਕੌਮ ਦੇ ਸਰਬ ਨਾਸ਼ ਕਰਨ ਦੇ ਮਨਸੂਬੇ ਬਣਾਏ ਅਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਤਦ ਹਿੰਦੂਆਂ ਨੂੰ ਇਹ ਵਿਸ਼ੇਸ਼ ਹੁਕਮ ਦਿੱਤਾ ਗਿਆ ਕਿ ਉਹ ਆਪਣੀ ਦਾੜ੍ਹੀ ਅਤੇ ਕੇਸ ਕਤਲ ਕਰਵਾ ਦੇਣ, ਤਾਂ ਜੁ ਕਿਸੇ ਸਿੱਖ ਦੇ ਭੁਲੇਖੇ ਵਿੱਚ ਉਨ੍ਹਾਂ ਦੀ ਜਾਨ ਐਵੇਂ ਨਾ ਚਲੀ ਜਾਵੇ। ਮੁਗ਼ਲੀਆ ਰਾਜ ਦੇ ਅਜਿਹੇ ਤੰਗ-ਦਿਲੀ ਵਾਲੇ ਆਦੇਸ਼ਾਂ ਨਾਲ ਵਾਲ ਕੱਟਣ ਦਾਰਿਵਾਜ ਹੋਰ ਵਧਿਆ, ਜਿਹੜਾ ਅੱਜ ਫੈਸ਼ਨ-ਪ੍ਰਸਤੀ ਦਾ ਇੱਕ ਚਿੰਨ੍ਹ ਬਣ ਗਿਆ ਹੈ।

ਪੱਛਮ ਵਿੱਚ ਹੋਈ ਤਾਜ਼ਾ ਖੋਜ ਅਨੁਸਾਰ ਇਹ ਨਿਰਣਾ ਲਿਆ ਗਿਆ ਹੈ ਕਿ ਕੇਸ ਮਨੁੱਖੀ ਸਰੀਰ ਵਿੱਚ ਵਿਟਾਮਿਨ 'ਡੀ' ਪੈਦਾ ਕਰਨ ਲਈ ਫ਼ੈਕਟਰੀ ਦਾ ਕੰਮ ਕਰਦੇ ਹਨ। ਵਿਟਾਮਿਨ 'ਡੀ' ਸਰੀਰ ਦੀਆਂ ਹੱਡੀਆਂ, ਦੰਦਾਂ ਅਤੇ ਨਰਵਸ ਸਿਸਟਮ (Nervous System) ਲਈ ਬਹੁਤ ਹੀ ਜ਼ਰੂਰੀ ਤੱਤ ਹੈ, ਜਿਹੜਾ ਅੱਜ ਕਲ੍ਹ ਦੁਰਲਭ ਹੈ। ਇਸ ਦਾ ਕਾਰਨ ਇਹ ਹੈ ਕਿ ਜਦ ਤੋਂ ਅਸੀਂ ਸਬਜ਼ੀਆਂ ਅਤੇ ਅਨਾਜਾਂ ਨੂੰ ਕੀੜੇ-ਮਾਰ ਦਵਾਈਆਂ ਰਾਹੀਂ ਬਚਾਉਣ ਦੇ ਉਪਰਾਲੇ ਸ਼ੁਰੂ ਕੀਤੇ ਹਨ, ਉਦੋਂ ਦਾ ਹੀ ਵਿਟਾਮਿਨ 'ਡੀ' ਇਨ੍ਹਾਂ ਸਬਜ਼ੀਆਂ ਆਦਿ ਵਿਚੋਂ ਕਾਫ਼ੀ ਮਾਤਰਾ ਵਿੱਚ ਨਸ਼ਟ ਹੁੰਦਾ ਜਾ ਰਿਹਾ ਹੈ। ਜਿਸ ਦੇ ਫਲ-ਸਰੂਪ ਸਮੁੱਚੇ ਸੰਸਾਰ ਵਿੱਚ ਵਿਟਾਮਿਨ 'ਡੀ' ਦੀ ਭਾਰੀ ਕਮੀ ਮਹਿਸੂਸ ਹੋਣ ਲੱਗ ਪਈ ਹੈ। ਵਿਕਸਿਤ ਦੇਸ਼ਾਂ ਨੇ ਇਸ ਕਮੀ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਬਨਾਵਟੀ ਤੌਰ ਤੇ ਵਿਟਾਮਿਨ 'ਡੀ' ਤਿਆਰ ਕਰ ਕੇ ਬੱਚਿਆਂ ਦੀ ਖ਼ੁਰਾਕ ਵਿੱਚ ਰਲਾਉਣਾ ਸ਼ੁਰੂ ਕਰ ਦਿੱਤਾ ਹੈ, ਤਾਂ ਜੁ ਉਹ ਵੱਡੇ ਹੋ ਕੇ ਅਜਿਹੀ ਹਸਤੀ ਦੇ ਮਾਲਕ ਨਾ ਬਣਨ ਜਿਹੜੀ ਸਰੀਰ ਦੇ ਪੱਖੋਂ ਦੁਰਬਲ ਅਤੇ ਮਾਨਸਿਕ ਤੌਰ ਤੇ ਉਖੜੀ ਪੁਖੜੀ ਹੋਵੇ। ਨਵੀਂ ਖੋਜ ਨੇ ਇਹ ਸਿੱਧ ਕੀਤਾ ਹੈ ਕਿ ਸਿਰ ਦੇ ਵਾਲ ਜਿਤਨੇ ਲੰਬੇ ਹੋਣਗੇ ਉਨ੍ਹਾਂ ਵਿਚਲਾ ਤੇਲ ਸੂਰਜ ਦੀ ਸ਼ਕਤੀ ਦੇ ਅਮਲ ਨਾਲ ਉਤਨਾ ਹੀ ਵੱਧ ਵਿਟਾਮਿਨ 'ਡੀ' ਪੈਦਾ ਕਰੇਗਾ। ਇਸ ਲਈ ਵਾਲ ਰੱਖਣਾ ਸਿਹਤ ਅਤੇ ਮਾਨਸਿਕ ਅਵਸਥਾ ਦੋਹਾਂ ਲਈ ਜ਼ਰੂਰੀ ਹੈ। ਇਹ ਵੀ ਸਾਬਤ ਕੀਤਾ ਜਾ ਚੁੱਕਾ ਹੈ ਕਿ ਜੇਕਰ ਕੇਸਾਂ ਨੂੰ ਸਿਰ ਦੀ ਚੋਟੀ ਉੱਤੇ ਵਲੇਵਾ ਦੇ ਕੇ ਜੂੜੇ ਦੀ ਸ਼ਕਲ ਵਿੱਚ ਸੰਵਾਰਿਆ ਜਾਵੇ ਤਾਂ ਉਹ ਸੂਰਜ ਸ਼ਕਤੀ ਨੂੰ ਵੱਧ ਤੋਂ ਵੱਧ ਮਾਤਰਾ ਵਿੱਚ ਇਵੇਂ ਆਪਣੇ ਵਿੱਚ ਸਮਾਉਣ ਦੀ ਸ਼ਕਤੀ ਰੱਖਦੇ ਹਨ ਜਿਸ ਤਰ੍ਹਾਂ ਟੈਲੀਵੀਜ਼ਨ ਦਾ ਐਨਟੈਨਾ ਵਾਤਾਵਰਨ ਵਿਚੋਂ ਚਿਤਰ-ਰੇਖਾਵਾਂ ਖਿੱਚਣ ਦੀ ਸ਼ਕਤੀ ਰੱਖਦਾ ਹੈ। ਟੇਕੀਟਸ ਦੇ ਕਥਨ ਅਨੁਸਾਰ ਪ੍ਰਾਚੀਨ ਜਰਮਨ, ਸਿਰਾਂ ਉੱਤੇ ਲੰਬੇ ਵਾਲਾਂ ਦਾ ਜੂੜਾ ਕਰਦੇ ਹੁੰਦੇ ਸਨ।

ਜੇਕਰ ਅਸੀਂ ਸਿਰ ਦੇ ਵਾਲਾਂ ਨੂੰ ਨਾ ਕੱਟੀਏ ਤਾਂ



www.AKJ.Org

ਉਹ ਇੱਕ ਖਾਸ ਲੰਬਾਈ ਤੇ ਪਹੁੰਚਣ ਉਪਰੰਤ ਵਧਣੋਂ ਬੰਦ ਹੋ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੀ ਦੇਖ ਭਾਲ ਲਈ ਉਸ ਪ੍ਰੋਟੀਨ ਦਾ ਅੱਧਾ ਪ੍ਰਤੀ-ਸ਼ਤ ਰੋਜ਼ ਖਰਚ ਹੋ ਜਾਂਦਾ ਹੈ, ਜਿਹੜੀ ਅਸੀਂ ਸਾਰੇ ਦਿਨ ਵਿੱਚ ਵੱਖ ਵੱਖ ਖ਼ੁਰਾਕ ਖਾ ਕੇ ਸਰੀਰ ਵਿੱਚ ਲਿਜਾਂਦੇ ਹਾਂ। ਪਰ ਵਾਲ ਕਟਵਾਉਣ ਨਾਲ ਇਸ ਤੋਂ ਕਈ ਗੁਣਾਂ ਜ਼ਿਆਦਾ ਪ੍ਰੋਟੀਨ ਨਸ਼ਟ ਹੁੰਦੀ ਹੈ, ਕਿਉਂਕਿ ਇਹ ਆਮ ਕਰਕੇ ਨਵੇਂ ਵਾਲ ਉਗਾਉਣ ਵਿੱਚ ਹੀ ਖ਼ਰਚ ਹੁੰਦੀ ਰਹਿੰਦੀ ਹੈ। ਕੱਟੇ ਹੋਏ ਵਾਲ ਤੀਜੇ ਦਿਨ ਇੰਚ ਦਾ ਅਠਵਾਂ ਹਿੱਸਾ ਵੱਧ ਜਾਂਦੇ ਹਨ ਅਤੇ ਇਸ ਤਰ੍ਹਾਂ ਜੇਕਰ ਇਸ ਵਾਧੇ ਨੂੰ ਇਕੋ ਵਾਲ ਉੱਤੇ ਹੀ ਨਾਪਿਆ ਜਾਵੇ ਤਾਂ ਕੇਸ ਕਟਵਾਉਣ ਵਾਲੇ ਸੱਜਣ ਹਰ ਤੀਜੇ ਦਿਨ ਦੋ ਸੌ ਸਾਢੇ ਅੱਠ ਫੁੱਟ ਲੰਬਾ ਇੱਕ ਵਾਲ ਆਪਣੇ ਸਰੀਰ ਵਿਚੋਂ ਸ਼ਕਤੀ ਸਰਫ਼ ਕਰਕੇ ਤਿਆਰ ਕਰਦੇ ਹਨ ਅਤੇ ਫਿਰ ਉਸਨੂੰ ਨਸ਼ਟ ਕਰਦੇ ਹਨ। ਕੇਸ ਕਟਵਾਉਣ ਦਾ ਇੱਕ ਨੁਕਸਾਨ ਇਹ ਵੀ ਮੰਨਿਆ ਗਿਆ ਹੈ ਕਿ ਜਿਹੜੀ ਸ਼ਕਤੀ ਦਿਮਾਗ ਨੂੰ ਸੂਰਜ ਤੋਂ ਕੇਸਾਂ ਦੁਆਰਾ ਪ੍ਰਾਪਤ ਹੋਣੀ ਸੀ, ਅਸੀਂ ਉਸ ਦਾ ਸਰੋਤ ਹੀ ਬੰਦ ਕਰ ਦਿੱਤਾ ਹੈ। ਇਸ ਤੋਂ ਇਹ ਮਤਲਬ ਨਹੀਂ ਕਿ ਕੇਸਹੀਨ ਸ਼੍ਰੇਣੀਆਂ ਵਿੱਚ ਦਿਮਾਗੀ ਤੌਰ ਤੇ ਪ੍ਰਫੁਲਤ ਵਿਅਕਤੀਆਂ ਦੀ ਘਾਟ ਹੈ, ਪਰ ਇਤਨਾ ਜ਼ਰੂਰ ਹੈ ਕਿ ਉਹਨਾਂ ਦੇ ਵਿਸਰ ਭੋਲੇ ਹੀ ਉਸ ਸੋਮੇ ਨੂੰ ਬਰਬਾਦ ਕਰ ਦਿੱਤਾ ਹੈ ਜਿਸਨੇ ਦਿਮਾਗ ਵਿੱਚ ਵਧੇਰੇ ਸ਼ਕਤੀ ਦਾ ਸਿੰਚਾਰ ਕਰਨਾ ਸੀ। ਹਾਂ, ਇਹ ਵੀ ਠੀਕ ਹੈ ਕਿ ਜੇ ਇਸ ਨੁਕਸਾਨ ਨੂੰ ਪੀੜ੍ਹੀਆਂ ਦਰ-ਪੀੜ੍ਹੀਆਂ ਦੇ ਹਿਸਾਬ ਨਾਲ ਗਿਣਿਆ ਜਾਵੇ ਤਾਂ ਅਵੱਸ਼ ਹੀ ਅਸੀਂ ਦਿਮਾਗ਼ੀ ਪਤਣ ਵੱਲ ਵੱਧ ਰਹੇ ਹਾਂ।

ਜਿਸ ਤਰ੍ਹਾਂ ਸੂਰਜੀ ਸ਼ਕਤੀ ਦਾ ਕੇਂਦਰ-ਬਿੰਦੂ ਸਿਰ ਦੀ ਚੋਟੀ ਨੂੰ ਮੰਨਿਆ ਗਿਆ ਹੈ ਉਸੇ ਤਰ੍ਹਾਂ ਚੰਦਰਮਾ ਦੀ ਸ਼ਕਤੀ ਦਾ ਕੇਂਦਰ ਠੋਡੀ ਨੂੰ ਸਮਝਿਆ ਜਾਂਦਾ ਹੈ। ਇਸ ਲਈ ਜਿਸ ਤਰ੍ਹਾਂ ਸਿਰ ਦੇ ਸੂਰਜ ਤੋਂ ਸ਼ਕਤੀ ਗ੍ਰਹਿਣ ਕਰਕੇ ਦਿੰਦੇ ਹਨ ਉਸੇ ਤਰ੍ਹਾਂ ਦਾੜ੍ਹੀ ਦੇ ਵਾਲ ਚੰਦਰਮਾ ਦੀ ਸ਼ਕਤੀ ਨੂੰ ਸਰੀਰ ਵਿੱਚ ਲਿਆਉਂਦੇ ਹਨ ਅਤੇ ਇਨ੍ਹਾਂ ਵਿੱਚ ਇੱਕ ਹੋਰ ਖ਼ੂਬੀ ਇਹ ਹੁੰਦੀ ਹੈ ਕਿ ਇਹ ਵਾਤਾਵਰਣ ਵਿੱਚ ਭਰੀਆਂ ਪਈਆਂ ਨੁਕਸਾਨ-ਦੇਹ ਤਰੰਗਾਂ ਆਦਿ ਨੂੰ ਦਿਮਾਗ ਵਿੱਚ ਜਾਣ ਤੋਂ ਰੋਕਦੇ ਹਨ, ਜਿਸਦੇ ਫਲਸਰੂਪ ਗਮਗ਼ੀਨੀ, ਅਧਿਕ ਭਾਵੁਕਤਾ, ਨਿੰਮੋਝੂਣਤਾ ਤੇ ਮਾਨਸਿਕ ਬਿਖੜੇਪਨ ਨੂੰ ਠਲ੍ਹ ਪੈਂਦੀ ਹੈ ਅਤੇ ਦਲੇਰੀ, ਖ਼ੁਸ਼ ਤਬੀਅਤੀ, ਖ਼ੁਸ਼-ਅਸਲੂਬੀ, ਚੜ੍ਹਦੀ ਕਲਾ ਤੇ ਉਦਮ-ਸ਼ੀਲਤਾ ਵਰਗੇ ਗੁਣ ਉਤਪੰਨ ਹੁੰਦੇ ਹਨ।

ਇਸ ਦੇ ਉਲਟ ਔਰਤਾਂ ਦੀ ਦਾੜ੍ਹੀ ਨਹੀਂ ਹੁੰਦੀ। ਅਜਿਹਾ ਸ਼ਾਇਦ ਪ੍ਰਮਾਤਮਾ ਨੇ ਇਨ੍ਹਾਂ ਦੀ ਕੋਮਲਤਾ ਅਤੇ ਖ਼ੂਬਸੂਰਤੀ ਨੂੰ ਮੁੱਖ ਰੱਖਦਿਆਂ ਕੀਤਾ ਹੋਵੇਗਾ। ਜੇ ਔਰਤਾਂ ਦੀ ਸੁੰਦਰਤਾ ਠੋਡੀ ਦੇ ਵਾਲ ਨਾ ਆਉਣ ਵਿੱਚ ਹੈਤਾਂ ਅਵੱਸ਼ ਹੀ ਮਰਦ ਦੀ ਸੁੰਦਰਤਾ ਤੇ ਸੂਰਬੀਰਤਾ ਉਸ ਦੀ ਦਾੜ੍ਹੀ ਦੇ ਰੋਮਾਂ ਤੇ ਨਿਰਭਰ ਕਰਦੀ ਹੈ। ਇਸ ਗੱਲ ਦਾ ਮੁਆਵਜ਼ਾ ਦੇਣ ਲਈ ਰੱਬ ਨੇ ਔਰਤਾਂ ਨੂੰ ਦਾੜ੍ਹੀ ਦੇ ਵਾਲਾਂ ਤੋਂ ਵਾਂਞਿਆਂ ਰੱਖ ਕੇ ਇੱਕ ਵੱਡਮੁੱਲੇ ਸੋਮੇ ਤੋਂ ਹੀਣਾ ਕਰ ਦਿੱਤਾ ਹੈ। ਇਨ੍ਹਾਂ ਦੇ ਤਾਂਤਰਿਕ ਸਿਸਟਮ ਨੂੰ ਆਦਮੀ ਨਾਲੋਂ ੧੯ ਗੁਣਾਂ ਜ਼ਿਆਦਾ ਮਜ਼ਬੂਤ ਬਣਾ ਦਿੱਤਾ ਗਿਆ ਹੈ। ਹੋ ਸਕਦਾ ਹੈ ਕਿ ਇਸੇ ਕਾਰਨ ਹੀ ਔਰਤਾਂ ਮਰਦਾਂ ਦੇ ਮੁਕਾਬਲੇ ਵਿੱਚ ਜ਼ਿਆਦਾ ਸਹਿਨਸ਼ੀਲ, ਹਲੀਮ ਤੇ ਮਿੱਠ-ਬੋਲੜੀਆਂ ਹਨ-ਜਿਹੜੇ ਔਰਤਾਂ ਦੇ ਮੂਲ ਗੁਣ ਹਨ।

ਜਿਵੇਂ ਕੇਸਾਂ ਬਾਰੇ ਖੋਜ ਕੀਤੀ ਗਈ ਹੈ ਉਵੇਂ ਹੀ ਇਨ੍ਹਾਂ ਦੀ ਸੰਭਾਲ ਅਤੇ ਦੇਖ ਰੇਖ ਬਾਰੇ ਵੀ ਕੁੱਝ ਤੱਤ ਕੱਢੇ ਗਏ ਹਨ। ਜੇਕਰ ਕੇਸਾਂ ਨੂੰ ਢੱਕ ਕੇ ਰੱਖਿਆ ਜਾਵੇ ਤਾਂ ਉਹ ਥੋੜ੍ਹੇ ਸਮੇਂ ਵਿੱਚ ਦੂਣੀ ਤੇਜ਼ ਕਿਰਿਆ ਨਾਲ ਕੰਮ ਕਰਨ ਲੱਗ ਜਾਂਦੇ ਹਨ। ਢਕੇ ਹੋਏ ਕੇਸ ਨੰਗੇ ਕੇਸਾਂ ਨਾਲੋਂ ਬਹੁਤ ਜਲਦੀ ਉੱਗਦੇ ਹਨ। ਬਹੁਤੇ ਧਰਮਾਂ ਵਿੱਚ ਇਹ ਰਿਵਾਜ਼ ਹੈ ਕਿ ਜਦ ਕੋਈ ਵਿਅਕਤੀ ਧਾਰਮਿਕ ਅਸਥਾਨ ਵਿੱਚ ਜਾਂਦਾ ਹੈ ਤਾਂ ਉਹ ਸਿਰ ਢੱਕ ਕੇ ਜਾਂਦਾ ਹੈ। ਜਦ ਅਸੀਂ ਪਾਠ ਪੂਜਾ ਕਰਨੀ ਹੁੰਦੀ ਹੈ ਤਾਂ ਵੀ ਅਸੀਂ ਸਿਰ ਢੱਕ ਕੇ ਬੈਠਦੇ ਹਾਂ। ਇਸ ਦਾ ਇਹ ਕਾਰਨ ਹੈ ਕਿ ਢਕੇ ਹੋਏ ਸਿਰ ਨਾਲ ਸਾਡੇ ਵਾਲ ਸਾਡੇ ਦਿਮਾਗ ਵਿੱਚ ਵਧੇਰੇ ਸ਼ਕਤੀ ਲਿਆਉਂਦੇ ਹਨ, ਕਿਉਂਕਿ ਬਿਰਤੀ ਲੱਗੇ ਹੋਣ ਦੀ ਅਵਸਥਾ ਵਿੱਚ ਅਸੀਂ ਉਸ ਸਮੇਂ ਵਧੇਰੇ ਸ਼ਕਤੀ ਦੀ ਵਰਤੋਂ ਕਰ ਰਹੇ ਹੁੰਦੇ ਹਾਂ, ਪਰ ਅੱਜ ਕਲ੍ਹ ਇਤਨੀ ਮਹੱਤਵਪੂਰਨ ਗੱਲ ਨੂੰ ਅਣਗੌਲਿਆ ਸੁੱਟ ਕੇ ਅਸੀਂ ਸਿਰਫ਼ ਰਿਵਾਜ਼ੀ ਤੌਰ ਤੇ ਹੀ ਕੇਸਾਂ ਨੂੰ ਢੱਕ ਕੇ ਧਾਰਮਿਕ ਅਸਥਾਨਾਂ ਵਿੱਚ ਜਾਂਦੇ ਹਾਂ।

ਕੇਸ ਕਿਸ ਚੀਜ਼ ਨਾਲ ਢੱਕਣੇ ਹਨ, ਇਸ ਬਾਰੇ ਵੀ ਕਾਫ਼ੀ ਗੰਭੀਰ ਖੋਜ ਹੋਈ ਹੈ। ਜੇਕਰ ਕੇਸ ਕਿਸੇ ਸੂਤੀ ਕੱਪੜੇ ਨਾਲ ਢੱਕੇ ਜਾਣ ਤਾਂ 100 ਪ੍ਰਤੀਸ਼ਤ ਸੂਰਜੀ ਸ਼ਕਤੀ ਉਸ ਸੂਤੀ ਕੱਪੜੇ ਵਿਚੋਂ ਨਿਕਲ ਕੇ ਕੇਸਾਂ ਤੱਕ ਪਹੁੰਚਦੀ ਹੈ ਅਤੇ ਹੋਰ ਕਿਸੇ ਪ੍ਰਕਾਰ ਦਾ ਕੱਪੜਾ ਅਜਿਹੇ ਗੁਣ ਨਹੀਂ ਰੱਖਦਾ।

ਕੇਸ ਸਾਫ਼ ਸੁਥਰੇ ਹੋਣ ਦੀ ਸੂਰਤ ਵਿੱਚ ਉਹ ਆਪਣੇ ਕਾਰਜ ਵਧੇਰੇ ਸੁਗਮਤਾ ਨਾਲ ਕਰ ਸਕਦੇ ਹਨ।


www.AKJ.Org

ਪਲਾਸਟਕ ਦੇ ਕੰਘੇ ਨਾਲ ਕੇਸ ਵਾਹੁਣਾ ਕੇਸਾਂ ਲਈ ਖ਼ਤਰਨਾਕ ਹੋ ਸਕਦਾ ਹੈ, ਕਿਉਂਕਿ ਉਹ ਕੇਸਾਂ ਵਿੱਚ ਅਚੱਲ ਬਿਜਲੀ ਪੈਦਾ ਕਰਦਾ ਹੈ, ਜਿਹੜੀ ਕੇਸਾਂ ਦੇ ਮੂਲ ਸੋਮੇ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਲਈ ਨਵੀਂ ਖੋਜ ਅਨੁਸਾਰ ਕੇਸ ਲੱਕੜ ਦੇ ਕੰਘੇ ਨਾਲ ਵਾਹੁਣੇ ਚਾਹੀਦੇ ਹਨ, ਜਿਹੜਾ ਕੇਸਾਂ ਨੂੰ ਹਰ ਲਿਹਾਜ਼ ਨਾਲ ਸਵੱਛਤਾ ਪ੍ਰਦਾਨ ਕਰਦਾ ਹੈ। ਇਹ ਗੱਲਾਂ ਅੱਜ ਸਾਇੰਸੀ ਯੁਗ ਦੀ ਖੋਜ ਸਦਕਾ ਸਾਨੂੰ ਪਤਾ ਲੱਗ ਸਕੀਆਂ ਹਨ। ਪਰ ਮਹਾਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਅੱਜ ਤੋਂ ੩੦੦ ਸਾਲ ਪਹਿਲਾਂ ਇਨ੍ਹਾਂ ਬਾਰੇ ਸਾਨੂੰ ਸੁਚੇਤ ਕੀਤਾ ਸੀ।

ਜਦ ਅਸੀਂ ਭਗਤੀ ਜਾਂ ਪੂਜਾ-ਪਾਠ ਵਿੱਚ ਪੂਰੀ ਤਰ੍ਹਾਂ ਲੀਨ ਹੁੰਦੇ ਹਾਂ ਤਾਂ ਸਾਡੇ ਸਰੀਰ ਵਿੱਚ ਕੰਮ ਕਰ ਰਿਹਾ ਮਿਕਨਾਤੀਸੀ ਖੇਤਰ ਬਹੁਤ ਸਰਗਰਮ ਅਤੇ ਸ਼ਕਤੀਸ਼ਾਲੀ ਹੋ ਜਾਂਦਾ ਹੈ ਅਤੇ ਜਿਉਂ ਜਿਉਂ ਮਨੁੱਖ ਭਗਤੀ ਵਿੱਚ ਜ਼ਿਆਦਾ ਲਗਨਸ਼ੀਲ ਹੁੰਦਾ ਜਾਂਦਾ ਹੈ ਤਿਉਂ ਤਿਉਂ ਇਹ ਮਿਕਨਾਤੀਸੀ ਖੇਤਰ ਆਪਣੇ ਸਰਬ ਵਿਆਪੀ ਮਿਕਨਾਤੀਸੀ ਖੇਤਰ ਵਿਚੋਂ ਵਧੇਰੇ ਸ਼ਕਤੀ ਖਿਚਦਾ ਹੈ ਅਤੇ ਇਸ ਤਰ੍ਹਾਂ ਦਿਮਾਗ ਵਿੱਚ ਇੱਕ ਵਾਸ ਕਿਸਮ ਦੀ ਆਵਾਜ਼ ਉਤਪੰਨ ਹੋਣ ਸ਼ੁਰੂ ਹੋ ਜਾਂਦੀ ਹੈ, ਜਿਸ ਨੂੰ ਅਸੀਂ ਅਨਾਦੀ ਧੁੰਨ ਦਾ ਨਾਂ ਦਿੰਦੇ ਹਾਂ। ਇਹ ਕਾਰਜ ਢਕੇ ਹੋਏ , ਸਾਫ਼ ਸੁਥਰੇ ਸਵੱਛ ਲੰਬੇ ਕੇਸਾਂ ਕਰਕੇ ਜ਼ਿਆਦਾ ਤੇ ਜ਼ੀ ਨਾਲ ਅਮਲ ਵਿੱਚ ਆਉਂਦਾ ਹੈ।

ਖ਼ੁਦ, ਭਾਰਤ ਦੇ ਸੂਬਾ ਬੰਗਾਲ ਵਿੱਚ ਵੀ ਇਕ ਵਾਰੀ ਮਾਹਰ ਡਾਕਟਰਾਂ ਦੀ ਟੋਲੀ ਨੇ ਇਲਾਕੇ ਵਿੱਚ ਪ੍ਰਚਲਤ ਹੱਡੀਆਂ ਦੇ ਇੱਕ ਰੋਗ ਦੇ ਕਾਰਨਾਂ ਬਾਰੇ ਸਰਵੇਖਣ ਕਰ ਕੇ, ਇਹ ਨਿਰਣਾ ਲਿਆ ਕਿ ਹੱਡੀਆਂ ਦਾ ਰੋਗ ਉਨ੍ਹਾਂ ਵਿਅਕਤੀਆਂ ਨੂੰ ਜ਼ਿਆਦਾ ਲੱਗਦਾ ਹੈ ਜਿਨ੍ਹਾਂ ਦੇ ਕੇਸ ਨਹੀਂ ਹਨ। ਬੰਗਾਲਣ ਔਰਤਾਂ ਆਪਣੇ ਲੰਬੇ ਵਾਲਾਂ ਕਰਕੇ ਆਮ ਤੌਰ ਤੇ ਇਸ ਬਿਮਾਰੀ ਤੋਂ ਮੁਕਤ ਹਨ। ਇਹ ਸਰਵੇਖਣ ਇੱਕ ਦੋ ਵਿਅਕਤੀਆਂ ਤੇ ਅਧਾਰਤ ਜਾਂਚ ਤੇ ਨਿਰਭਰ ਨਹੀਂ ਸੀ, ਸਗੋਂ ਇਸ ਲਈ ਹਜ਼ਾਰਾਂ ਵਿਅਕਤੀਆਂ ਨੂੰ ਟੈਸਟ ਕੀਤਾ ਗਿਆ।

ਸਰੀਰ ਦੇ ਵਾਲਾਂ ਦੇ ਉਪਰੋਕਤ ਕੁੱਝ ਇੱਕ ਪ੍ਰਮਾਣਕ ਗੁਣਾਂ ਕਾਰਨ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਨੂੰ ਰੱਖਣਾ ਇੱਕ ਅਵਸ਼ਕਤਾ ਹੈ। ਕੁੱਝ ਲੋਕੀਂ ਤਾਂ ਕੇਸਾਂ ਨੂੰ ਰੱਬ ਦੀ ਸ਼ਕਤੀ ਅਤੇ ਬਾਣੀ ਗ੍ਰਹਿਣ ਕਰਨ ਲਈ ਏਰੀਅਲ ਦਾ ਦਰਜਾ ਦਿੰਦੇ ਹਨ। ਸ੍ਰੀ ਰਾਬਿੰਦਰ ਨਾਥ ਟੈਗੋਰ ਨੂੰ ਜਦ ਅਧਿਆਤਮਕ ਚੇਤਨਤਾ ਅਨੁਭਵ ਹੋਈ ਤਾਂ ਸਭ ਤੋਂ ਪਹਿਲਾ ਕੰਮ ਉਹਨਾਂ ਨੇ ਇਹ ਕੀਤਾ ਕਿ ਉਹਨਾਂ ਨੇ ਆਪਣਾ ਉਸਤਰਾ ਤੇ ਵਾਲ ਕਟਣ ਵਾਲੇ ਹੋਰ ਸਾਜ ਸਾਮਾਨ ਨੂੰ ਚੁੱਕ ਕੇ ਸੁੱਟ ਦਿੱਤਾ।

ਸਿੱਖ ਇਤਿਹਾਸ ਵਿੱਚ ਆਉਂਦਾ ਹੈ ਕਿ ਜਦ ਸ਼ਰਧਾਲੂ ਸਿੰਘ ਭਾਈ ਤਾਰੂ ਸਿੰਘ ਦੇ ਕੇਸ ਕੱਟੇ ਜਾਣ ਲੱਗੇ ਤਾਂ ਉਸਨੂੰ ਇਹ ਗੱਲ ਬਹੁਤ ਦੁੱਖਦਾਈ ਲੱਗੀ, ਕਿਉਂਕਿ ਕੇਸਾਂ ਬਾਰੇ ਉਸ ਦੇ ਦਿਲ ਵਿੱਚ ਅਥਾਹ ਸਤਿਕਾਰ ਸੀ ਅਤੇ ਉਹ ਇਸ ਨੂੰ ਗੁਰੂ ਦੀ ਦਾਤ ਸਮਝਦਾ ਸੀ। ਇਸ ਲਈ ਅਕਾਲ ਪੁਰਖ ਨੇ ਆਪਣੀ ਮਿਹਰ ਕਰ ਕੇ ਉਸਨੂੰ ਇਤਨੀ ਸ਼ਕਤੀ ਬਖਸ਼ੀ ਕਿ ਪੂਰਾ ਜ਼ੋਰ ਲਾਉਣ ਤੇ ਵੀ ਭਾਈ ਤਾਰੂ ਸਿੰਘ ਦੇ ਕੇਸ ਦੁਸ਼ਮਣਾਂ ਕੋਲੋਂ ਨਾ ਕੱਟੇ ਗਏ। ਇਸ ਲਈ ਉਹਨਾਂ ਦੀ ਪੂਰੀ ਖੋਪਰੀ ਹੀ ਉਤਾਰਨੀ ਪਈ, ਜਿਹੜੀ ਉਨ੍ਹਾਂ ਹੱਸ ਕੇ ਲੁਹਾਈ ਤੇ ਅਕਾਲ-ਪੁਰਖ ਦਾ ਸ਼ੁਕਰਾਨਾ ਅਦਾ ਕੀਤਾ।

ਬਿਦੇਸ਼ੀ ਇਤਿਹਾਸ ਵਿੱਚ ਸੈਮਸਨ ਇੱਕ ਅਜਿਹਾ ਸੂਰਬੀਰ ਹੋਇਆ ਹੈ ਜਿਹੜਾ ਆਪਣੀ ਸ਼ਕਤੀ ਨਾਲ ਪੂਰੇ ਹਜੂਮ ਨੂੰ ਕੁੱਟ ਸੁੱਟਦਾ ਸੀ ਅਤੇ ਕੋਈ ਬੰਦਾ ਇਹ ਹੀਆ ਨਹੀਂ ਕਰ ਸਕਦਾ ਸੀ ਕਿ ਸੈਮਸਨ ਨਾਲ ਦੋ ਹੱਥ ਕਰੇ। ਦੂਜੇ ਪਾਸੇ ਫ਼ਿਲਸਤੀਨੀ ਉਸ ਨੂੰ ਖ਼ਤਮ ਵੀ ਜ਼ਰੂਰ ਕਰਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਇੱਕ ਲੜਕੀ, ਜਿਸ ਦਾ ਨਾਂ ਵਲੇਲਾ ਸੀ, ਨੂੰ ਸੈਮਸਨ ਦੇ ਨੇੜੇ ਕੀਤਾ, ਜਿਸ ਨੇ ਉਸ ਨਾਲ ਪਿਆਰ-ਸਾਂਝ ਪਾ ਕੇ ਉਸ ਦੀ ਸ਼ਕਤੀ ਦਾ ਕਾਰਨ ਪੁੱਛਣ ਦਾ ਮਨ ਬਣਾਇਆ। ਉਸ ਨੂੰ ਸੈਮਸਨ ਨੇ ਦੱਸਿਆ ਕਿ ਇਹ ਸਾਰੀ ਸ਼ਕਤੀ ਉਸ ਦੇ ਕੇਸਾਂ ਕਾਰਨ ਪ੍ਰਮਾਤਮਾ ਪਾਸੋਂ ਉਸ ਨੂੰ ਮਿਲਦੀ ਹੈ। ਬਸ ਫਿਰ ਕੀ ਸੀ, ਜਦ ਭੇਤ ਪਤਾ ਲੱਗਾ ਤਾਂ ਵਲੇਲਾ ਨੇ ਸੈਮਸਨ ਨੂੰ ਚਕਮੇ ਵਿੱਚ ਲਿਆ ਕੇ ਸੁੱਤੇ ਪਏ ਦੇ ਕੇਸ ਕੱਟ ਦਿੱਤੇ ਅਤੇ ਇਸ ਤਰ੍ਹਾਂ ਫ਼ਿਲਸਤੀਨੀਆਂ ਕੋਲੋਂ ਸੈਮਸਨ ਮਾਰਿਆ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਆਪਣੀ ਮੁਹਰ ਕਿਹਾ ਹੈ ਤੇ ਹਰ ਸਿੱਖ ਲਈ ਇਹ ਬੰਦਸ਼ ਲਗਾਈ ਗਈ ਕਿ ਉਹ ਆਪਣੇ ਸਿਰ ਤੇ ਕੇਸ ਰੱਖੇ। ਉਹਨਾਂ ਦੇ ਕਥਨ ਅਨੁਸਾਰ ਉਹਨਾਂ ਦਾ ਸਰੀਰ ਪੰਥ ਵਿੱਚ ਸਮੋਇਆ ਹੋਇਆ ਹੈ, ਆਤਮਾ ਗ੍ਰੰਥ ਵਿੱਚ ਬਿਰਾਜਮਾਨ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਆਪਣਾ ਰੂਪ ਸਮਝਦੇ ਹਨ ਤਾਂ ਖ਼ਾਲਸੇ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਗੁਰੂ ਦਾ ਸਰੂਪ ਧਾਰੇ। ਤਾਂ ਹੀ ਉਹ ਗੁਰੂ ਦੀ ਮਿਹਰ ਅਤੇ ਨਿਕਟਤਾ ਦਾ ਪਾਤਰ ਹੋ ਸਕਦਾ ਹੈ।

ਗੁਰਵਾਕ ਹਨ-

ਜਬ ਲਗ ਖ਼ਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।



www.AKJ.Org

ਜਬ ਇਹ ਗਹੈ ਬਿਪਰਨ ਕੀ ਰੀਤ।
ਮੈਂ ਨ ਕਰੋਂ ਇਨ ਕੀ ਪ੍ਰਤੀਤ।

ਸਾਇੰਸ ਦੀ ਅਜੋਕੀ ਖੋਜ ਨੇ ਕੇਸ ਰੱਖਣ ਦੇ ਕਈ ਗੁਣਾਂ ਬਾਰੇ ਚਾਨਣਾ ਪਾਇਆ ਹੈ, ਪਰ ਗੁਰੂ ਦਾ ਸਿੱਖ ਤਾਂ ਆਪਣੇ ਗੁਰੂ ਦੇ ਹੁਕਮ ਵਿੱਚ ਆ ਕੇ ਕੇਸਾਂ ਨੂੰ ਉਸ ਮਹਾਨ ਗੁਰੂ ਦੀ ਬਖਸ਼ਸ਼ ਸਮਝ ਕੇ ਸਤਿਕਾਰਦਾ ਤੇ ਪਿਆਰਦਾ ਹੈ। ਜਿਵੇਂ ਬਾਬਾ ਆਲਾ ਸਿੰਘ ਵਰਗੀਆਂ ਮਹਾਨ ਆਤਮਾਵਾਂ ਦਾ ਵਰਨਣ ਇਤਿਹਾਸ ਵਿੱਚ ਆਉਂਦਾ ਹੈ, ਜਿਨ੍ਹਾਂ ਅਹਿਮਦਸ਼ਾਹ ਅਬਦਾਲੀ ਨੂੰ ਸਵਾ ਲੱਖ ਰੁਪਿਆ ਹਰਜਾਨਾ ਭਰ ਦਿੱਤਾ ਅਤੇ ਕੇਸ ਕਟਾਣ ਦੀ ਸ਼ਰਤ ਨੂੰ ਠੁਕਰਾ ਦਿੱਤਾ ਅਤੇ ਆਪਣੀ ਰੋਜ਼ ਦੀ ਅਰਦਾਸ ਅਨੁਸਾਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ੧੦੮੪ ਪੰਨੇ ਤੇ ਦਿੱਤੇ ਸ਼ਬਦ ਵਿੱਚ ਆਪਣੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ ਤੁਹਾਡਾ ਸਰੀਰ ਸ਼ੁਭ ਕਰਮ ਕਰੇ, ਤੁਸੀਂ ਇਸ ਸੰਸਾਰ ਵਿੱਚ ਰਹਿੰਦੇ ਹੋਏ ਪਰਸੰਨ-ਚਿੱਤ ਰਹੋ, ਪਰ ਇਸ ਦੇ ਨਾਲ ਪਰਮਾਤਮਾ ਵਲੋਂ ਦਿੱਤੇ ਹੋਏ ਰੂਪ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖੋ ਅਤੇ ਆਪਣੇ ਸਿਰ ਉੱਤੇ ਪਗੜੀ ਜ਼ਰੂਰ ਬੰਨ੍ਹੋ।

ਗੁਰੂ ਨਾਨਕ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿੱਚ ਕੇਸਾਂ ਦੀ ਮਹੱਤਤਾ ਬਾਰੇ ਸਾਨੂੰ ਸੂਚਿਤ ਕੀਤਾ ਹੈ ਤੇ ਉਸੇ ਨੂੰ ਹੀ ਰੱਬ ਦਾ ਸਹੀ ਸੇਵਕ ਸਮਝਿਆ ਜਾਵੇ ਗਾ ਜਿਹੜਾ ਪ੍ਰਮਾਤਮਾ ਦੀ ਦਿੱਤੀ ਦਾਤ ਕੇਸਾਂ ਨੂੰ ਸੰਭਾਲ ਕੇ ਰੱਖੇਗਾ। ਇਹ ਕੇਸ ਹੀ ਉਸ ਨੂੰ ਰੱਬ ਦੇ ਦਰਬਾਰ ਵਿੱਚ ਦਾਖ਼ਲ ਹੋਣ ਦਾ ਪਰਮਾਣ ਹੋਣਗੇ, ਕਿਉਂਕਿ ਕੇ ਸ ਵਿਅਕਤੀ ਨੂੰ ਪਵਿਤਰਤਾ ਅਤੇ ਉਚ ਮਰਾਤਬਾ ਬਖ਼ਸ਼ਦੇ ਹਨ। ਸਬੰਧਤ ਸ਼ਬਦ ਦੀਆਂ ਪੰਗਤੀਆਂ ਇਉਂ ਹਨ-

ਸਚੀ ਸੁੰਨਤ ਰਬ ਦੀ ਮੂਇ (ਕੇਸ) ਲੈ ਆਇਆ ਨਾਲ।
ਜੋ ਰਖੇ ਮੂਇ ਅਮਾਨਤੀਂ ਸੋ ਖ਼ਾਸਾ ਬੰਦਾ ਭਾਲ।
ਫਿਰ ਗਇਆ ਦਰਗਾਹ ਵਿਚ ਅਗੇ ਰਖ ਨੀਸ਼ਾਨ।
ਹੋਰ ਦਰਗਹ ਢੋਈ ਨ ਲਹਿਨ............................।
ਵਲ ਸੁੰਨਤ ਮੂਇ ਹੈ ਸਿਰ ਪਰ ਰਖੇ ਜੋਇ।
ਪਾਵੈ ਮਰਾਤਬ ਸਜਾਈ ਵਡਾ ਰਿਖੀਸਰ ਹੋਇ।

ਭਾਵੇਂ ਕੇਸ ਰੱਖਣ ਦੀ ਵਿਧੀ ਪੂਰਬਕ ਬੰਦਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਸਿੱਖਾਂ ਤੇ ਲਗਾਈ ਤੇ ਕੇਸਾਂ ਨੂੰ ਉਨ੍ਹਾਂ ਨੇ ਪ੍ਰਥਮ ਕਕਾਰ ਦਾ ਦਰਜਾ ਦਿੱਤਾ, ਪਰ ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਤੌਰ ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਤੋਂ ਪਹਿਲਾਂ ਵੀ ਸਿੱਖ ਅਤੇ ਸਿੱਖ ਗੁਰੂ ਸਾਹਿਬਾਨ ਕੇਸਾਧਾਰੀ ਸਨ। ਕੇਸਾਂ ਵਾਲੇ ਅੰਮ੍ਰਿਤਧਾਰੀ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ *'ਸਿੰਘ'* ਸ਼ੇਰ ਦੀ ਉਪਾਧੀ ਦਿੱਤੀ ਜਿਹੜੇ ਮੈਦਾਨ ਜੰਗ ਵਿੱਚ ਸਿੰਘਾਂ ਵਾਂਗ ਗਰਜੇ ਅਤੇ ਧਰਮ-ਯੁੱਧ ਵਿੱਚ ਦੁਸ਼ਮਣਾਂ ਨੂੰ ਭਾਂਜਾਂ ਦਿੱਤੀਆਂ। (*'ਸਿੰਘ'* ਸ਼ੇਰ ਨੂੰ ਕਹਿੰਦੇ ਹਨ ਅਤੇ ਸ਼ੇਰ ਹੀ ਇੱਕ ਅਜਿਹਾ ਬਹਾਦਰ ਜਾਨਵਰ ਹੈ ਜਿਸ ਦੇ ਸਿਰ ਤੇ ਵਾਲ ਹਨ।)

ਯੋਰਪ ਤੇ ਅਮਰੀਕਾ ਵਿੱਚ ਸਭ ਮਾਇਕ ਅਤੇ ਹੋਰ ਸੁੱਖ ਸਾਧਨ ਹੋਣ ਦੇ ਬਾਵਜੂਦ ਵੀ ਬੇਹੱਦ ਮਾਨਸਿਕ ਬੇਚੈਨੀ ਹੈ ਅਤੇ ਕੁੱਝ ਵਿਦਵਾਨਾਂ ਦਾ ਇਹ ਮੱਤ ਹੈ ਕਿ ਜੇਕਰ ਪੱਛਮ ਦੇ ਵਿਕਸਤ ਦੇਸ਼ਾਂ ਦੇ ਵਸਨੀਕ ਕੇਸ ਰੱਖ ਲੈਣ ਤਾਂ ਉਨ੍ਹਾਂ ਦੀ ਬਹੁਤ ਹੱਦ ਤੱਕ ਮਾਨਸਿਕ ਪਰੇਸ਼ਾਨੀ ਖ਼ਤਮ ਹੋ ਜਾਵੇਗੀ ਕਿਉਂਕਿ ਕੇਸ ਨਰਵਸ ਸਿਸਟਮ ਨੂੰ ਮਜ਼ਬੂਤ ਕਰਦੇ ਹਨ ਤੇ ਸਭ ਪਰੇਸ਼ਾਨੀਆਂ ਅਤੇ ਮਯੂਸੀਆਂ ਕਮਜ਼ੋਰ ਨਰਵਸ ਸਿਸਟਮ ਦੀ ਹੀ ਉਪਜ ਹਨ। ਜਦ 1960 ਤੱਕ ਅਮਰੀਕਾ ਤੇ ਹੋਰ ਪੱਛਮੀ ਦੇਸ ਠੰਢੀ ਜੰਗ ਕਾਰਨ ਪਰੇਸ਼ਾਨ ਸਨ ਤਾਂ ਕੁਦਰਤ ਨੇ ਉਨ੍ਹਾਂ ਦੀ ਇਸ ਪਰੇਸ਼ਾਨੀ ਨੂੰ ਦੇਖਦਿਆਂ ਹੋਇਆ ਨਵੀਂ ਪੀੜ੍ਹੀ ਵਿੱਚ ਅਜਿਹੇ ਭਾਵਾਂ ਦਾ ਸਿੰਚਾਰ ਕੀਤਾ ਜਿਨ੍ਹਾਂ ਦੇ ਫਲਸਰੂਪ ਲੰਬੇ ਲੰਬੇ ਪਟੇ ਰੱਖਣ ਵਾਲੀ ਪਨੀਰੀ ਸਾਰੇ ਪੱਛਮੀ ਸੰਸਾਰ ਵਿੱਚ ਹੋਂਦ ਵਿੱਚ ਆ ਗਈ ਜਿਹੜੀ ਅੱਜ ਆਪਣੇ ਪਿਤਰਾਂ ਨਾਲੋਂ ਘਟ ਬੇਚੈਨ ਅਤੇ ਵਧੇਰੇ ਸਾਦਾ ਹੈ।

ਸੋ ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਕੇਸ ਅਕਾਲ ਪੁਰਖ ਨੇ ਮਨੁੱਖ ਨੂੰ ਬਿਨਾਂ ਕਿਸੇ ਜ਼ਾਤ ਪਾਤ ਨੂੰ ਦੇਖਦਿਆਂ ਹੋਇਆਂ ਤੋਹਫੇ ਵਜੋਂ ਦਿੱਤੇ ਹਨ, ਇਸ ਲਈ ਇਨ੍ਹਾਂ ਨੂੰ ਫ਼ੈਸ਼ਨ ਦੀ ਬਲੀ ਚੜ੍ਹਾ ਕੇ ਮਨੁੱਖਤਾ ਨੂੰ ਬੇਤਰਤੀਬੇ ਜੀਵਨ ਵੱਲ ਨਹੀਂ ਘਸੀਟਿਆ ਜਾਣਾ ਚਾਹੀਦਾ ਸਗੋਂ ਇਨ੍ਹਾਂ ਨੂੰ ਠੀਕ ਠਾਕ ਹਾਲਤ ਵਿੱਚ ਰੱਖ ਕੇ ਇਸ ਗੱਲ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਅਸੀਂ ਪਰਮਾਤਮਾ ਦੀ ਇਸ ਦਾਤ ਨੂੰ ਸੰਭਾਲ ਕੇ ਰੱਖਣ ਵਿੱਚ ਇਸ ਭਾਵਨਾ ਦਾ ਪ੍ਰਗਟਾਵਾ ਕਰਦੇ ਹਾਂ ਕਿ ਅਸੀਂ ਅਕਾਲ ਪੁਰਖ ਨੂੰ ਮਹਾਨ ਸਮਝਦੇ ਹਾਂ ਅਤੇ ਉਸ ਵਲੋਂ ਦਿੱਤੇ ਸਰੂਪ ਨੂੰ ਉਸੇ ਹੀ ਰੂਪ ਵਿੱਚ ਧਾਰਨ ਕਰਕੇ ਉਸ ਦੀ ਆਗਿਆਕਾਰਤਾ ਅਤੇ ਮਿਹਰ ਦ੍ਰਿਸ਼ਟੀ ਵਿੱਚ ਰਹਿੰਦੇ ਹਾਂ। ਕੇਸਾਧਾਰੀ ਹੋ ਕੇ ਹੀ ਅਸੀਂ ਉਸ ਦੇ ਸਰੂਪ ਵਾਲੇ ਹੋਣ ਦਾ ਗੌਰਵ ਪ੍ਰਾਪਤ ਕਰ ਸਕਦੇ ਹਾਂ ਕਿਉਂਕਿ ਜਿਨ੍ਹਾਂ ਵੀ ਮਹਾਨ ਆਤਮਾਵਾਂ ਨੇ ਆਪਣੀ ਦਿਬ ਦ੍ਰਿਸ਼ਟੀ ਨਾਲ ਵਾਹਿਗੁਰੂ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਨੇ ਕਿਸੇ ਨਾ ਕਿਸੇ ਢੰਗ ਨਾਲ ਉਸ ਦੇ ਲੰਮੇ ਸੁਹਣੇ ਕੇਸਾਂ ਦੀ ਤਾਰੀਫ਼ ਕੀਤੀ ਹੈ, ਇਸੇ ਕਰਕੇ ਹੀ ਵਾਹਿਗੁਰੂ ਦੇ ਗੁਣਾਤਮਕ ਨਾਵਾਂ ਵਿੱਚ *'ਕੇਸਵ'* ਵੀ ਹੈ, ਜਿਸਦੇ ਅਰਥ ਹਨ *'ਕੇਸਾਂ ਵਾਲਾ'*।

# ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ-ਪੰਥ

ਪ੍ਰੋ: ਪੂਰਨ ਸਿੰਘ (ਗੁਰਪੁਰ ਵਾਸੀ)

*'ਖ਼ਾਲਸਾ-ਪੰਥ'* ਗੁਰੂ ਗੋਬਿੰਦ ਸਿੰਘ ਨੇ ਸਾਜਿਆ। ਇਹ ਉਨ੍ਹਾਂ ਅਣਖੀ ਸੂਰਮਿਆਂ ਦਾ ਪੰਥ ਹੈ, ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਉਂਦੇ ਹਨ। ਉਹ, ਉਹ ਹਨ ਜਿਨ੍ਹਾਂ ਦੀ ਮੌਜੂਦਗੀ ਸ਼ਾਂਤ-ਅੰਮ੍ਰਿਤ ਨਾਲ ਦੁਆਲਾ ਰੰਗ ਦਿੰਦੀ ਹੈ। ਉਹ ਨਾ ਹੀ ਰਾਜ ਚਾਹੁੰਦੇ ਹਨ ਅਤੇ ਨਾ ਹੀ ਮੁਕਤੀ, ਕੇਵਲ *'ਮਨਿ ਪ੍ਰੀਤਿ ਚਰਨ ਕਮਲਾਰੇ'* ਦੇ ਧਾਰਣੀ ਹਨ। ਨਾ ਹੀ ਉਹ ਯੋਗ ਦੀ ਰਹੱਸ-ਪੂਰਨ ਅਤੇ ਨਾ ਹੀ ਭੋਗ ਦੀ ਵਾਸ਼ਨਾ-ਪੂਰਨ ਖੁਸ਼ੀ ਦੇ ਇੱਛਕ ਹਨ, ਉਹ ਤਾਂ ਕੇਵਲ ਉਸ ਦਾ ਪਿਆਰ ਅੰਮ੍ਰਿਤ ਮੰਗਦੇ ਹਨ, ਉਸ ਦੀ ਬਾਣੀ ਦੀ ਸ਼ਬਨਮ ਦੇ ਛਲਕਦੇ ਜਾਮ। ਉਹ ਜੀਵਨ ਦੇ ਦਾਰਸ਼ਨਿਕ ਗ਼ਮਾਂ ਨਾਲ ਭਰੇ ਪੀਤੇ ਪਏ ਹਨ ਅਤੇ ਉਹ ਆਪਣੀ ਪਿਆਸ ਅਤੇ ਸਭ ਦੁਖੀਆਂ ਦੀ ਪਿਆਸ ਬੁਝਾਉਣ ਲਈ ਬਬੀਹੇ ਵਾਂਗ ਸਵਾਂਤੀ ਬੂੰਦ ਨੂੰ ਟੋਰਦੇ ਹਨ। ਮਹਿਬੂਬ ਦਾ ਨਾਮ ਜਪਣ ਨਾਲ ਹੀ ਉਹ ਇਸ ਰੂਹਾਨੀ ਸਥਿਤੀ ਨੂੰ ਕਾਇਮ ਰੱਖ ਸਕਦੇ ਹਨ ਅਤੇ ਕਿਉਂਕਿ ਉਹਨਾਂ ਦੀ ਇਹ ਪਿਆਸ ਅਸੀਮ ਹੈ ਅਤੇ ਜਾਪ, ਪੰਛੀਆਂ ਦੀ ਨਿਰੰਤਰ ਕੂਕ ਵਰਗਾ। ਰੂਹਾਨੀ ਮਰਦਾਨਗੀ ਦਾ ਭੇਦ ਮਹਿਬੂਬ ਪ੍ਰਤਿ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਹੈ ਅਤੇ ਇਹ ਪਿਆਰ ਗੁਰੂ ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿੱਚ ਹੈ।

ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ। ਪਿਆਰ ਵਿਗੁਤੀ, ਸ਼ਕਤੀ-ਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫੀਆਂ ਪਾਉਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ, ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਉਂਦੀ, ਚੰਦਰ-ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿੱਠਤ ਹੁਲਸਾਈ, ਜੀਵਨ ਦੇ ਗ਼ਮਾਂ ਤੋਂ ਉਪਰ ਉਠੀ, ਸਰਬੱਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ ਸਵਾਸ ਸਵਾਸ ਨਾਮ ਜਪਣਾ ਸੱਚਾਈ ਹੈ, ਨਿੱਜੀ ਸਚਾਈ ਅਤੇ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਲਈ ਸੰਪੂਰਨ ਸੱਚਾਈ।

ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਅਜਿਹੀ ਅਗੰਮੀ ਹਸਤੀ ਦੀ ਪਛਾਣ, ਜੋ ਰੱਬ ਵਾਂਗ ਨਿਰਾਕਾਰ ਹੈ, ਮਨ-ਮੰਦਰ ਵਿੱਚ, ਨਾਮ ਦੀ ਜੋਤ, ਜੀਵਨ ਸ਼ਮ੍ਹਾਂ ਨੂੰ ਸਦਾ ਬਲਦਿਆਂ ਰੱਖਣ ਨਾਲ ਹੁੰਦੀ ਹੈ। ਜਿਸ ਦੇ ਮਨ-ਮੰਦਰ ਵਿੱਚ ਅਜਿਹੀ ਸ਼ਮ੍ਹਾਂ ਨਿਸ-ਬਾਸਰ ਬਲਦੀ ਰਹੇ, ਉਹ ਸੱਚਾ ਖ਼ਾਲਸਾ ਹੈ।

ਉਸ ਜੋਤ ਦਾ ਚਿੰਨ੍ਹਾਤਮਕ ਪ੍ਰਗਟਾਵਾ ਨਾਮ ਜਪਣਾ ਹੈ। ਮਨੁੱਖ ਦੇ ਸਵਾਸ ਉਸ ਨਾਲ ਗੂੰਜਦੇ ਹਨ ਅਤੇ ਰੋਮ ਰੋਮ ਵਿੱਚ ਉਸ ਦਾ ਅੰਮ੍ਰਿਤ ਭਰਿਆ ਪਿਆ ਹੈ। ਉਪਰਲੀਆ ਪਿਪਣੀਆਂ ਹੇਠ ਅੱਖਾਂ ਉਪਰ ਵੱਲ ਅੱਧ ਤਕ ਜਾਂਦੀਆਂ ਹਨ, ਮੱਥਾ ਅੰਮ੍ਰਿਤ ਭਿੰਨਾ ਹੋ ਜਾਂਦਾ ਹੈ, ਜਿਵੇਂ ਕਿ ਉਹ ਕੋਈ ਸੋਮਾ ਹੋਵੇ ਅਤੇ ਹਜ਼ਾਰਾਂ ਸਾਫ਼ ਚਸ਼ਮੇ ਇਸ ਹਿਮਾਲੀਆ ਵਿਚੋਂ ਹੇਠਾਂ ਨੂੰ ਵਹਿ ਰਹੇ ਹੋਣ, ਜੋ ਕੇਵਲ ਇਕ ਮਨੁੱਖ ਦੀ ਧਰਤ ਨੂੰ ਜ਼ਰਖੇਜ਼ ਨਹੀਂ ਕਰਦੇ ਸਗੋਂ ਉਨ੍ਹਾਂ ਸਾਰਿਆਂ ਦੀ ਨੂੰ, ਜੋ ਉਸ ਦੀ ਜ਼ਦ ਵਿੱਚ ਆਉਂਦੇ ਹਨ। ਖ਼ਾਲਸਾ ਕਿਸੇ ਝੀਲ, ਸੋਮੇ, ਦਰਿਆ ਵਾਂਗ ਸੁਤੇ-ਸਿੱਧ ਵਿਸ਼ਵ-ਵਿਆਪੀ ਸਦ-ਭਾਵਨਾ, ਸ਼ਾਂਤ ਅਤੇ ਪਿਆਰ ਦੀਆਂ ਝਲਕਾਂ ਮਾਰਣ ਲੱਗ ਪੈਂਦਾ ਹੈ। ਚਾਰੇ ਪਾਸੇ ਚਟਾਕ ਚਾਨਣਾ ਹੋ ਜਾਂਦਾ ਹੈ, ਕੋਈ ਭੂਤ-ਪ੍ਰੇਤ ਜਾਂ ਭੈੜੀ ਰੂਹ ਅਜਿਹੀ ਹਸਤੀ ਦੇ ਨੇੜੇ ਨਹੀਂ ਫਟਕ ਸਕਦੀ ।

ਉਨ੍ਹਾਂ ਦਾ *'ਨੀਤੀ-ਸ਼ਾਸਤਰ'* ਕਿਤਾਬੀ ਨਹੀਂ, ਅਲਜਬਰੇ ਦੇ ਫ਼ਾਰਮੂਲਿਆਂ ਦਾ ਵੀ ਨਹੀਂ, ਅਖੌਤੀ ਇਖ਼ਲਾਕੀ ਜਾਂ ਗੈਰ-ਇਖ਼ਲਾਕੀ ਕਰਨੀ ਨੂੰ ਚਤੁਰਾਈ ਨਾਲ ਸਹੀ ਸਿੱਧ ਕਰਨ ਦਾ ਵੀ ਨਹੀਂ। ਉਹ ਆਪਣੀ ਪਵਿੱਤਰ ਨਿਸ਼ਕਾਮਤਾ ਕਾਰਣ, ਕੁਦਰਤ ਦੀ ਰੂਹ ਨਾਲ ਇਕ-ਸੁਰ ਹਨ। ਉਹ ਪਰਬਤ ਹਨ, ਦਰਿਆ ਹਨ, ਬੱਦਲ ਹਨ ਅਤੇ ਫੁੱਲ ਹਨ। ਜਿੱਥੇ ਵੀ ਕੋਈ ਗੁਲਾਬ ਦਾ ਫੁੱਲ ਹੈ, ਉਹ ਖੁਸ਼ਬੂ ਆਲੇ-ਦੁਆਲੇ ਆਪਣੇ-ਆਪ ਖਲੇਰ ਦਿੰਦਾ ਹੈ। ਖ਼ਾਲਸਾ ਆਪਣੀ ਰੂਹਾਨੀ ਮਿੱਠਤ ਨੂੰ ਧਰਤੀ ਦੇ ਜਿਸ ਕੋਨੇ 'ਤੇ ਵੀ ਹੋਵੇ, ਵੰਡ ਹੀ ਨਹੀਂ ਦਿੰਦਾ, ਸਗੋਂ ਉਹ ਤਾਂ ਆਪਣੇ-ਆਪ ਨਿਕਲ-ਨਿਕਲ ਪੈਂਦੀ ਹੈ, ਇਕ ਜ਼ੋਰਦਾਰ ਸੁਹਿਰਦਤਾ ਨਾਲ। ਉਹ ਸਦਾ ਦਇਆ ਦਾ ਸ਼ਹਿਜਾਦਾ ਹੈ।

ਗੁਰੂ ਅਮਰਦਾਸ ਕਿਸੇ ਵਿਧਵਾ ਦੇ, ਉਸ ਦੇ ਪਤੀ ਦੇ ਸਵਰਗਵਾਸ ਹੋਣ 'ਤੇ ਪਾਏ ਕੀਰਨੇ ਅਤੇ ਕਿਸੇ ਮਾਂ ਦਾ ਆਪਣੇ ਪੁੱਤਰ ਦੀ ਮੌਤ 'ਤੇ ਕੀਤਾ ਵਿਰਲਾਪ, ਨਹੀਂ ਸਨ ਸੁਣ ਸਕਦੇ ਅਤੇ ਇਸ ਤਰ੍ਹਾਂ ਹੋਇਆ ਕਿ ਮਾਲਕ ਦੇ ਨਿਵਾਸ ਸਥਾਨ, ਗੋਇੰਦਵਾਲ ਵਿੱਚ ਉਨ੍ਹਾਂ ਦੇ ਜੀਵਨ



www.AKJ.Org

ਭਰ ਦੇ ਸਮੇਂ ਦੇ ਦੌਰਾਨ ਅਜਿਹੀ ਕੋਈ ਦੁਰਘਟਨਾ ਨਹੀਂ ਹੋਈ।

ਦਸ ਗੁਰੂ ਸਾਹਿਬਾਨ, ਉਨ੍ਹਾਂ ਦੇ ਸਿੱਖਾਂ ਅਤੇ ਵਡੇਰਿਆਂ ਦੀ ਰੂਹਾਨੀ ਵਿਰਾਸਤ ਤੋਂ ਮਿਲਦੀ ਪ੍ਰੇਰਨਾ ਅਨੁਸਾਰ *'ਖ਼ਾਲਸਾ'* ਉਹ ਹੈ, ਜੋ ਉਤਸ਼ਾਹ ਦੀ ਮਸ਼ਾਲ ਜਲਾਈ ਰੱਖਦਾ ਹੈ, ਕਿਸੇ ਸੰਕਲਪ ਖ਼ਾਤਰ ਨਹੀਂ, ਕਿਸੇ ਲਾਭ ਖ਼ਾਤਰ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਦੇ ਹੁਕਮ ਦੀ ਪਾਲਣਾ ਵਿੱਚ ਅਤੇ ਸਹਿਜੇ ਹੀ ਉਸਦੇ ਨਾਮ ਸਿਮਰਨ ਵਿੱਚ ਜੁੜਿਆ ਰਹਿੰਦਾ ਹੈ। ਖ਼ਾਲਸਾ ਆਪਣੀ ਰੂਹ ਦੇ ਟਾਂਗੇ ਦਾ ਕੋਚਵਾਨ ਹੈ। ਜਦੋਂ ਸਿਮਰਨ ਦੀ ਜੋਤ ਜਗਦੀ ਹੈ, ਸਿੱਖ ਮਰ ਜਾਂਦਾ ਹੈ। ਜਿਵੇਂ ਰੁੱਖ ਨੂੰ ਬੂਰ ਪੈਂਦਾ ਹੈ, ਉਸ ਤਰ੍ਹਾਂ ਸਿੱਖ ਨਾਮ ਅਤੇ ਸਿਮਰਨ ਦੀ ਖੁਸ਼ੀ ਨਾਲ ਖੇੜੇ 'ਤੇ ਆ ਜਾਂਦਾ ਹੈ। ਜਿਵੇਂ ਰੁੱਖ ਚਲਦੀ ਹਵਾ ਨੂੰ ਆਪਣੀ ਉੱਤਮ ਵਸਤੂ ਦੇ ਦਿੰਦਾ ਹੈ, ਇਸ ਤਰ੍ਹਾਂ ਸਿੱਖ ਸਭ ਨੂੰ ਖੁਸ਼ਬੋਈ ਦੇ ਦਿੰਦਾ ਹੈ। ਮੇਰੀ ਅਧਿਆਤਮਕ ਕਰਨੀ ਲਈ, ਮੈਂ ਨਹੀਂ, ਉਹ ਜ਼ਿੰਮੇਵਾਰ ਹੈ, ਜੋ ਬਸੰਤ ਸਮੇਂ ਹਰ ਰੁੱਖ ਤੇ ਜੋਬਨ ਲੈ ਆਉਂਦਾ ਹੈ, ਜੋ ਸਾਰਿਆਂ ਨੂੰ ਚਮਕ ਬਖ਼ਸ਼ਦਾ ਹੈ। ਮੈਂ ਜੀਵਨ-ਭੇਦ ਪਾ ਲਿਆ ਹੈ ਅਤੇ ਮੈਂ ਆਪਣੇ-ਆਪ ਨੂੰ ਬੱਦਲ ਦੀ ਟੁਕੜੀ ਵਾਂਗ ਰੱਖਦਾ ਹਾਂ, ਉਸ ਦੇ ਆਦੇਸ਼ ਵਿੱਚ ਵੱਸ ਪੈਂਦਾ ਹਾਂ, ਬਿਜਲੀ ਬਣ ਚਮਕ ਪੈਂਦਾ ਹਾਂ। ਮੇਰੀ ਕਰਨੀ ਮੇਰੇ ਜਜ਼ਬਾਤ ਦੀ ਮੂੰਹ ਬੋਲਦੀ ਤਸਵੀਰ ਹੈ, ਅਜਿਹੀ ਉਸ ਦੀ ਖੁਸ਼ੀ ਹੈ, ਸਾਰੇ ਕਾਰਜ, ਮੇਰੇ ਲਈ, ਉਸੇ ਸੁਪਨਮਈ ਲੈਅ ਵਿੱਚ ਸੈੱਟ ਹਨ, ਅਜਿਹੀ ਉਸ ਦੀ ਰਜ਼ਾ ਹੈ।

ਸੰਸਾਰ ਦੇ ਸੱਚ ਮੇਰੇ ਲਈ ਝੂਠ ਹਨ, ਉਨ੍ਹਾਂ ਲਈ ਨਿਰ-ਵਵਾਦ, ਹਨੇਰੇ ਦੇ ਵਿਚਾਰ ਹਨ : ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲਗਦਾ ਹੈ ਅਤੇ ਜਿਨ੍ਹਾਂ ਤੋਂ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ, ਮਨੁੱਖਤਾ ਦੇ ਇਤਿਹਾਸ ਵਿੱਚ ਵਿਰਲੇ ਹਨ, ਜਿਹੜੇ ਆਪਣੇ ਆਪ ਨੂੰ ਖ਼ਾਲਸਾ ਅਖਵਾਉਂਦੇ ਹਨ-ਪਰ ਅੰਦਰੋਂ ਰੂਹਾਨੀ ਤੌਰ 'ਤੇ ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ 'ਤੇ ਗੁਰੂ ਦੇ ਨਹੀਂ ਹਨ-ਦਾ ਨੌਂ ਸੂਚੀ ਵਿਚੋਂ ਕੱਟ ਦਿੱਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ, ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਗੁਰੂ ਗੋਬਿੰਦ ਸਿੰਘ ਦੇ ਘਰ ਵਿੱਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿੱਚ ਹੈ। ਮੈਂ ਇਸ ਪਵਿੱਤਰ 'ਗੁਪਤ-ਪੰਥ' ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾਂ ਤੋਂ ਘੜੇ ਸੰਗੀਤ ਰੂਪ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤਿ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤਰੀਆਂ ਦੀ ਸੰਗਤ ਵਿੱਚ ਇਕ ਵੱਡਪਣ ਹੈ, ਇਕ ਨਾਦਰ ਝਲਕਾਰਾ, ਜੋ ਕਿਸੇ ਇੱਕਲੇ ਵਿੱਚ ਨਹੀਂ, ਇਕ ਚਮਕਾਰ ਬੱਦਲਾਂ ਦੇ ਇੱਕਠ ਵਿੱਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿੱਚੋਂ ਨਿਕਲਦਾ ਹੈ। ਇਨ੍ਹਾਂ ਸਾਰਿਆਂ ਵਿੱਚ ਮਾਲਕ ਦੀ ਚਮਕਾਂ ਕਲਗ਼ੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ 'ਤੇ ਚੜ੍ਹਿਆ ਖ਼ਾਲਸੇ ਦੇ , ਸਿੱਖਾਂ ਦੇ ਘਰੀਂ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿੱਚ, *"ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿੱਚ ਨਿਹਤ ਹਨ- ਨਾਮ, ਦਾਨ, ਇਸ਼ਨਾਨ, ਕਿਰਤ ਅਤੇ ਵੰਡ ਛਕਣਾ।"*

ਨਾਮ:

ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗਰਜ਼ੀ ਨਹੀਂ। ਪਿਆਰ ਨਾਲ ਸੁਆਰਥ ਤੋਂ ਉਤਾਂਹ ਉਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ ਰਹਿਣ, ਉਸ ਦਾ ਜਾਪ ਜਪਣ, ਉਸ ਵਿੱਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿੱਚ ਮਨੁੱਖ ਉਹ ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ ਨਿਰ ਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਹੀਂ ਪਹਿਲਾਂ ਆਪਣੇ ਆਪੇ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰ੍ਹਾਂ ਇਸ ਸੰਘਰਸ਼-ਮਈ ਭੌਤਿਕ ਸੰਸਾਰ ਵਿੱਚ ਸਰੀਰਕ ਉੱਦਮ ਰਾਹੀਂ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰਖੱਦਾ ਹੈ।

ਦਾਨ:

ਦਾਨ ਦੇਣਾ, ਆਪਣਾ ਸਭ ਕੁਝ ਦੇ ਦੇਣਾ, ਕੁਦਰਤੀ ਹਮਦਰਦੀ ਕਾਰਣ, ਜੀਵਨ ਪ੍ਰਤਿ ਅਸੀਮ ਫਲਸਫ਼ੀਆਨਾ ਵੈਰਾਗ ਵਿੱਚ ਪਰੰਤੂ ਚੁੱਪ-ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਓ ਨਾਲ । ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾਂ ਜਾਣੇ ਦਿੰਦੀ ਹੈ। ਜਿਵੇਂ ਗਰਮ ਪਦਾਰਥ, ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਣ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰ੍ਹਾਂ ਕਰਦਾ ਹੈ, ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਮੈਂਬਰ।

ਦਾਨ ਦਾ ਭਾਵ ਨਿਰਸੰਦੇਹ, ਗੁਰੂ ਸਾਹਿਬ ਦੇ ਪੰਥ ਵਿੱਚ ਸੁਚੇਤ ਰੂਪ ਵਿੱਚ ਖ਼ੈਰਾਤ ਜਾਂ ਦਾਨ ਦੇਣ ਤੋਂ ਨਹੀਂ। *"ਸਭ ਕੁਝ ਗੁਰੂ ਦਾ ਹੈ"* ਇਸੇ ਤਰ੍ਹਾਂ ਖ਼ਾਲਸਾ ਮਹਿਸੂਸਦਾ


www.AKJ.Org

ਹੈ, *'ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ'*। ਅਜਿਹੀ ਸਨੇਹ-ਮਈ ਪ੍ਰਵਿਰਤੀ ਕਿਸੇ ਸਮਾਜਿਕ ਜ਼ਾਬਤੇ ਜਾਂ ਨਿਯਮਾਂ ਅਧੀਨ ਨਹੀਂ ਆਉਂਦੀ। ਇਸ ਵਿਚ ਕੁਝ ਵੀ ਮਕਾਨਕੀ ਨਹੀਂ। ਇਹ ਗਹਿਰਾ ਅਤੇ ਸੰਜੀਵ ਹੈ ਖ਼ਾਲਸੇ ਦੀ ਇਹ ਖ਼ੈਰਾਤ ਦਰਿਆਵਾਂ ਵਾਂਗ ਉਸ ਦੇ ਆਪੇ ਵਿਚੋਂ ਨਿਕਲ ਤੁਰਦੀ ਹੈ। ਖ਼ਾਲਸਾ ਆਪਣਾ ਆਪਾ, ਆਪਣੀ ਮਿਹਨਤ, ਆਪਣਾ ਹੱਡ ਮਾਸ, ਆਪਣਾ ਜੀਵਨ ਅਤੇ ਆਪਣੀ ਰੂਹ ਵੀ ਆਪਣੇ ਮਾਲਕ, ਮਹਿਬੂਬ। ਤੋਂ ਨਿਛਾਵਰ ਕਰ ਚੁੱਕਾ ਹੈ।

**ਇਸ਼ਨਾਨ :**

ਸਰੀਰ ਦਾ ਠੰਡੇ ਪਾਣੀ ਨਾਲ ਨਾਹੁਣਾ, ਮਨ ਦਾ ਅੰਮ੍ਰਿਤ ਦੇ ਚਸ਼ਮੇ ਵਿੱਚ ਅਤੇ ਰੂਹ ਦਾ ਉਸ ਦੇ ਪਿਆਰ ਵਿੱਚ ਗੋਤਾ ਲਾਉਣਾ, ਇਸ਼ਨਾਨ ਹੈ।

**ਕਿਰਤ ਕਰਨਾ:**

ਇਹ ਚਿੰਨ੍ਹਾਤਮਕ ਦਾਨ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਪੰਥ ਨੂੰ ਮਿਹਨਤ-ਕਸ਼ਾਂ ਦੀ ਸਾਰੀ ਲੋਕਾਈ ਨਾਲ ਜੋੜਦਾ ਹੈ। ਗੁਰੂ ਪਾਸ ਕੋਈ ਅਮੀਰ ਨਹੀਂ। ਉਸ ਦੇ ਪੰਥ ਵਿੱਚ ਕੋਈ ਵਿਹਲੜ ਅਮੀਰ ਨਹੀਂ, ਉਸ ਲਈ ਤਾਂ ਕੋਈ ਥਾਂ ਨਹੀਂ, ਸਾਰਿਆਂ ਨੂੰ ਕਿਰਤ ਕਰਨੀ ਪੈਂਦੀ ਹੈ, ਅੰਨ ਪੈਦਾ ਕਰਨ ਲਈ ਪਸੀਨਾ ਵੀਟਣਾ ਪੈਂਦਾ ਹੈ। ਲੋਹੇ, ਲਕੜੀ ਅਤੇ ਪੱਥਰ ਵਿਚੋਂ ਨਵੇਂ ਰੂਪ ਘੜਣੇ ਪੈਂਦੇ ਹਨ, ਕੰਮ ਕਰਨਾ, ਕਿਰਤ ਕਰਨੀ ਅਤੇ ਮਿਹਨਤ ਦੀ ਕਮਾਈ ਦਾ ਵੀ ਤਿਆਗ ਅਤੇ ਇਸ ਸੁਤੇ-ਸਿੱਧ ਤਿਆਗ ਕਾਰਣ ਗੁਰੂ ਅਤੇ ਅੱਜ ਦੇ ਕਾਮਗਾਰਾਂ ਵਿਚਾਲੇ ਫ਼ਰਕ ਸਪੱਸ਼ਟ ਹੈ।

**ਵੰਡ ਛਕਣਾ:**

ਕਿਰਤ ਕਮਾਈ ਦੀ ਇਕਸਾਰ ਵੰਡ। *"ਉਹ ਰੋਟੀ ਨਾ ਖਾ, ਜੋ ਤੂੰ ਆਪਣੇ ਖ਼ਾਲਸਾ ਵੀਰ ਨੂੰ ਨਹੀਂ ਵੰਡੀ।"* ਗੁਰੂ ਗੋਬਿੰਦ ਸਿੰਘ ਵਰਤਮਾਨ ਯੁਗ ਦੇ ਗੁਰੂ ਹਨ, ਜਿਨ੍ਹਾਂ ਨੇ ਮਨੁੱਖੀ-ਸਮਾਜ ਦੀ ਨਾਮ, ਦਾਨ, ਇਸ਼ਨਾਨ, ਕਿਰਤ ਕਰਨ, ਵੰਡ ਛਕਣ ਦੇ ਅਧਾਰ 'ਤੇ ਪੰਥ ਦੇ ਰੂਪ ਵਿੱਚ ਪੁਨਰ ਉਸਾਰੀ ਕੀਤੀ ਹੈ।

ਨਾਮ, ਮੁਕੰਮਲ ਅਤੇ ਸੰਪੂਰਨ ਤਿਆਗ ਅਤੇ ਸਰੀਰ, ਮਨ ਅਤੇ ਰੂਹ ਦਾ ਅਸੀਮ ਵਿੱਚ ਇਸ਼ਨਾਨ। ਹਰੇਕ ਮਨੁੱਖ ਮਾਤਰ ਲਈ, ਕਿਰਤ ਕਰਨਾ, ਪੈਦਾ ਕਰਨਾ ਅਤੇ ਇਸ ਕਮਾਈ ਦਾ ਕਿਸੇ ਨਿਰਾਸ਼ਾਮਈ ਭਾਵਨਾ ਵਿੱਚ ਵੰਡ ਦੇਣਾ, ਲਾਜ਼ਮੀ ਰੂਹਾਨੀ ਲੋੜ ਹੈ। ਜੋ ਪੰਜਾਬ ਦੇ ਸਿੱਖ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਮਹਾਨ ਨਿਰਮਲ-ਪੰਥ ਦੀ ਮਾੜੀ ਜਿਹੀ *'ਯਾਦ'* ਦਿਵਾਉਂਦੇ ਹਨ ਤਾਂ ਇਹ ਕੀ ਵੱਡੀ ਗੱਲ ਹੈ, ਜਦੋਂ ਕਿ ਸਾਰਾ ਸੰਸਾਰ ਅੰਦਰੋ-ਅੰਦਰੇ ਇਸ ਨੂੰ ਅਪਣਾਉਣ ਦੀ ਦਿਲੀ ਇੱਛਾ ਕਰ ਰਿਹਾ ਹੈ।

ਇਥੇ ਗੁਰੂ ਦਾ ਸਾਰੇ ਸੰਸਾਰ ਨੂੰ ਸਦਾ ਹੈ ਅਤੇ ਸਾਡੇ ਵਿਚੋਂ ਕੌਣ ਗੁਰੂ ਗੋਬਿੰਦ ਸਿੰਘ ਪ੍ਰਤੀ ਸਾਰੇ ਸੰਸਾਰ ਦੇ ਅਸਪੱਸ਼ਟ ਅਤੇ ਅਚੇਤ ਪਰ ਜ਼ੋਰਦਾਰ ਹੁੰਗਾਰੇ ਨੂੰ ਨਹੀਂ ਵੇਖਦਾ ? ਉਸ ਦੀ ਪ੍ਰਤਿਭਾ ਨੂੰ ਸਮਝਣ ਲਈ ਮਨੁੱਖ ਨੂੰ ਸਦੀਆਂ ਲਗਣਗੀਆਂ, ਜਦੋਂ ਉਹ ਗੁਰੂ ਸਾਹਿਬ ਦੇ ਰੂਹਾਨੀ ਪੰਥ ਨੂੰ ਪਾ ਲਵੇਗਾ।

ਯਕੀਨਨ ਭਾਰਤ ਦੇ ਗ਼ੁਲਾਮਾਂ ਨੇ ਉਸ ਨੂੰ ਅਜੇ ਤਕ ਨਾ ਹੀ ਸਮਝਿਆ ਹੈ ਅਤੇ ਨਾ ਹੀ ਉਸ ਦੀ ਪ੍ਰਤਿਭਾ ਨੂੰ ਸਮਝਣ ਦੇ ਯੋਗ ਹਨ। ਉਸ ਦੀ ਮਹਾਨ ਸਖ਼ਸ਼ੀਅਤ ਦਾ ਪਰਛਾਵਾਂ ਬਹੁਤ ਦੂਰ ਸਦੀਆਂ ਤੋਂ ਪਰੇ ਤਕ ਪੈਂਦਾ ਹੈ ਅਤੇ ਭਾਰਤ ਦੇ ਅਖੌਤੀ ਮਹਾਨ ਵਿਦਵਾਨ, ਜਦੋਂ ਗੁਰੂ ਨੂੰ ਸਮਝਾਉਣ ਦਾ ਮਨ ਬਣਾਉਂਦੇ ਹਨ, ਕੇਵਲ ਕੰਡਿਆਂ ਨਾਲ ਝਰੀਟੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਜਿੰਨ੍ਹਾਂ ਰੂਹਾਨੀਅਤ ਵਾਲਾ ਨਾ ਸਮਝ ਕੇ, ਛੱਡ ਦਿੰਦੇ ਹਨ। ਇਸ ਤੋਂ ਉਨ੍ਹਾਂ ਦੁਆਲੇ ਪਸਰੇ ਹਨੇਰੇ ਦਾ ਹੀ ਅਨੁਭਵ ਹੁੰਦਾ ਹੈ, ਜੋ ਉਹ ਗੁਰੂ ਗੋਬਿੰਦ ਸਿੰਘ ਵਿੱਚ ਗੁਰੂ ਨਾਨਕ ਜੀ ਦੇ ਉੱਚੇ ਅਤੇ ਚਮਕਦੇ ਸਿਖ਼ਰ ਨੂੰ ਨਹੀਂ ਸਮਝ ਸਕੇ, ਯਕੀਨਨ ਉਹ ਧਾਰਮਿਕ ਵਿਚਾਰਧਾਰਾ ਦੀ ਕ੍ਰਾਂਤੀ ਦੇ ਸ਼ਹਿਨਸ਼ਾਹ ਨੂੰ ਨਹੀਂ ਸਮਝ ਸਕੇ। ਉਸ ਦੇ ਇਕ-ਇਕ ਨਿਮਰਤਾ ਭਰੇ ਸ਼ਬਦ ਵਿੱਚ ਵੀ ਅਸੰਖਾਂ ਲਾਟਾਂ ਹਨ, ਜੋ ਬਿਜਲੀ ਵਾਂਗ ਅਸੰਖਾਂ ਸ਼ਮਸ਼ੀਰਾਂ ਹੋ ਟੁਟਦੀਆਂ ਹਨ, ਜੋ ਮਨੁੱਖੀ ਖ਼ੂਨ ਵਿੱਚ ਹਲੂਲ ਕਰ ਜਾਂਦੀਆਂ ਹਨ, ਨਾਮ ਜਿਸ ਦੇ ਜਪਣ ਨੇ ਕਿਰਤ ਕਰਦੇ ਮਨੁੱਖ ਦੀ ਪਿਆਰ, ਕਿਰਤ ਅਤੇ ਸੰਪੂਰਨ ਤਿਆਗ ਦੀ ਭਾਵਨਾ ਤੇ ਸੰਭਾਵੀ ਸਲਤਨਤ ਦੀ ਬੁਨਿਆਦ ਰੱਖਣੀ ਹੈ।

ਵਿਚਾਰਕਾਂ ਨੇ ਅਜੇ ਦਸ ਗੁਰੂ ਸਾਹਿਬਾਨ ਦੇ ਵਿਚਾਰਾਂ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਬ੍ਰਾਹਮਣੀ ਭਾਸ਼ਾ ਕਾਰਨ ਅਤੇ ਵਿਰੋਧੀ ਬ੍ਰਾਹਮਣੀ ਮਾਹੌਲ, ਜੋ ਸਦਾ ਮਨੁੱਖ ਦੇ ਅਸਲੀ ਸਭਿਆਚਾਰਕ ਵਿਕਾਸ ਵਿੱਚ ਬਾਧਕ ਰਿਹਾ ਹੈ, ਦੀ ਮਹਾਨਤਾ ਨੂੰ ਸਮਝਣਾ ਹੈ।

ਗੁਰੂ ਸਾਹਿਬਾਂ ਦੀ ਪ੍ਰਤਿਭਾ ਆਪਣੇ ਕ੍ਰਾਂਤੀਕਾਰੀ ਵਿਚਾਰ, ਉਸੇ ਵਿਸ਼ੇਸ਼ ਦੇਸੀ ਭਾਸ਼ਾ ਵਿੱਚ, ਆਪਣੇ ਵਿਚਾਰਾਂ ਦਾ ਵਿਰੋਧ ਕਰਦੇ ਹੋਏ, ਪ੍ਰਗਟ ਕਰਦੀ ਹੈ ਅਤੇ ਆਪਣੇ ਵਿਚਾਰਾਂ ਦੇ ਮੱਥੇ ਤੇ ਪਈਆਂ ਪਰਸਪਰ ਕਟਦੀਆਂ ਲਕੀਰਾਂ ਅਤੇ ਵਿਚਾਰ ਮੰਡਲਾਂ ਨੂੰ ਆਪਣੇ ਜੀਵਨ ਅਤੇ ਕਾਰਨਾਮਿਆਂ ਦੇ ਅਨੁਕਰਣ ਵਿੱਚ ਅਤੇ ਪਿਆਰ ਤੇ ਸੰਪੂਰਨ ਤਿਆਗ ਦਾ, ਜੋ ਪੰਥ ਉਨ੍ਹਾਂ ਸਾਜਿਆ, ਨੂੰ ਪੜ੍ਹਨ ਲਈ ਪਾਠਕ



www.AKJ.Org

'ਤੇ ਛੱਡ ਦਿੰਦੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਇਕ ਰਾਤ ਵਿੱਚ ਅਤੇ ਇਕ ਦਿਨ ਵਿਚ ਜਦੋਂ ਗੁਰੂ ਸਾਹਿਬ ਦੇ ਵਿਚਾਰ, ਜੋ ਕਿ ਧਰਮ ਅਤੇ ਜੀਵਨ ਜਾਚ ਸੰਬੰਧੀ ਪੂਰਬੀ ਵਿਚਾਰਾਂ ਵਿੱਚ ਮੁਕੰਮਲ ਕ੍ਰਾਂਤੀ ਹਨ, ਵੇਖੇ ਜਾਣ ਅਤੇ ਜੇ ਇਹ ਸੰਪੂਰਨ ਸਾਦਗੀ ਨਾਲ ਅਤੇ ਸੁਯੋਗ ਭਾਸ਼ਾ ਵਿੱਚ ਬਿਆਨ ਕੀਤੇ ਜਾਣ ਤਾਂ ਦਸਾਂ ਗੁਰੂ ਸਾਹਿਬਾਂ ਦੀ ਚੇਤਨਤਾ ਸਾਰੇ ਮਨੁੱਖੀ ਸਭਿਆਚਾਰ 'ਤੇ ਛਾ ਜਾਵੇਗੀ। ਉਨ੍ਹਾਂ ਦੀ ਵਡਿਆਈ ਦੀ ਸਾਖੀ, ਮਨੁੱਖ ਦੀ ਬਹੁਪੱਖੀ ਉੱਨਤੀ ਦੀਆਂ ਕਈ ਸਦੀਆਂ ਨੇ ਭਰਨੀ ਹੈ। ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਂ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਿਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ। ਅੰਤਮ ਦਿਮਾਗੀ ਧਾਰਨਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸੰਬੰਧ ਨਹੀਂ। ਇਹ ਧਾਰਨਾਵਾਂ ਮਰ ਚੁੱਕੀਆਂ ਹਨ।

ਗੁਰੂ ਸਾਹਿਬਾਂ ਦਾ ਮਜ਼੍ਹਬ ਸੰਖੇਪ ਵਿੱਚ ਜੀਵਨ-ਜਾਚ, ਅਗੰਮੀ ਜੋਤ ਨੂੰ ਜਾਗਦੇ ਰੱਖਣ ਦਾ ਹੈ। ਇਹ ਅਧਿਆਤਮਿਕ ਜਾਂ ਧਰਮ-ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ, ਕੁਦਰਤ ਅਤੇ ਉਨ੍ਹਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸੰਸਾ ਨਾਲ ਭਰਪੂਰ ਹੈ। ਇਸ ਵਿੱਚ ਅਸੀਮ ਖੁਸ਼ੀ ਹੈ ਅਤੇ ਅਸੀਮ ਗ਼ਮ ਵੀ ਹਨ। ਗੁਰੂ-ਪ੍ਰਣਾਲੀ ਵਿੱਚ ਗ਼ਮ, ਜੀਵਨ ਦੇ ਗ਼ਮਾਂ ਰੂਪੀ ਰੁੱਖ 'ਤੇ ਖਿੜਿਆ, ਉਨ੍ਹਾਂ ਲਈ ਨਿਰੀ ਖੁਸ਼ੀ ਹੌਕੇ ਭਰੀ, ਧੋਖਾ ਅਤੇ ਟਹਿਣੀਓਂ ਟੁੱਟੇ ਫੁੱਲ ਦੇ ਮੁਰਝਾਉਣ ਸਮੇਂ ਦੇ ਰੰਗਾਂ ਵਾਂਗ ਤਤਵਹੀਣ ਹੈ।

ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸੰਘ ਹੈ, ਜਿਸ ਵਿੱਚ ਇਸਤਰੀਆਂ ਖੁੱਲ੍ਹਾ ਅਤੇ ਬਰਾਬਰ ਦਾ ਭਾਗ ਪੈਂਦੀਆਂ ਹਨ। ਪੂਰਬ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਮਿਲਿਆ ਹੈ। ਗੁਰੂ ਸਾਹਿਬਾਂ ਵੱਲੋਂ ਰਚੇ ਗਏ ਸਿੱਖ ਸਾਹਿਤ ਵਿੱਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। ਅਨੁਯਾਈ ਜਾਂ ਸਿੱਖ ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਣ ਸਭ ਨੂੰ ਦਿਤਾ ਜਾਂਦਾ ਹੈ, ਜੋ ਸੰਗਤ ਵਿੱਚ ਆਉਂਦਾ ਹੈ। ਇਥੇ ਤਾਂ ਪਿਆਰ ਦੇ ਸੇਵਕਾਂ, ਮਰਦਾਂ ਅਤੇ ਇਸਤਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ 'ਤੇ ਸਮਾਜ ਦੀ ਪੁਨਰ-ਉਸਾਰੀ ਕੀਤੀ ਗਈ ਹੈ। ਗੁਰੂ ਸਾਹਿਬਾਂ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਓ ਫਿਰ ! ਉਹ ਪੰਜਾਬ ਦੇ ਸਿੱਖ ਨੌਜਵਾਨੋਂ ! ਅਤੇ ਉਸ ਦੇ ਨਾਮ 'ਤੇ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਓ ! ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਣ ਵਰਗੇ ਅਖਾਉਤੀ ਅਵਤਾਰਾਂ ਦੇ ਫਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਬਾਂ ਵਰਗੀ ਉਤਪਤੀ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦੇਈਏ।

---

(ਪੰਨਾ ੭ ਦਾ ਬਾਕੀ)

ਸੇਵਕ ਲਈ ਸਭ ਤੋਂ ਸ੍ਰੇਸ਼ਟ ਗੁਰ ਹੁਕਮ ਦੀ ਪਾਲਣਾ ਕਰਨੀ ਹੈ। ਇਹ ਹਉਮੈ ਦੇ ਵਿਨਾਸ਼ ਦੀ ਜੁਗਤੀ ਭੀ ਹੈ ਤੇ ਨਿਸ਼ਾਨੀ ਵੀ। ਉਸ ਨੂੰ ਝਿੜਕ ਮਿੱਠੀ ਲੱਗਦੀ ਹੈ। ਉਹ ਆਪਣੀ ਪ੍ਰਸੰਸਾ ਸੁਣ ਕੇ ਹੁੱਬਦਾ ਨਹੀਂ, ਸ਼ੁਕਰਾਨੇ ਦੇ ਘਰ ਵਿੱਚ ਵਿਚਰਦਾ ਹੈ। ਦੂਸਰੇ ਸ਼ਬਦਾਂ ਵਿੱਚ ਹੁਕਮੀ ਬੰਦੇ ਲਈ ਬੁਰਾ ਭਲਾ, ਚੰਗਾ ਮਾੜਾ, ਸਭ ਇੱਕ ਸਮਾਨ ਹੈ।

ਹੁਕਮੁ ਬੂਝੈ ਸੋ ਸੇਵਕੁ ਕਹੀਐ॥<br>
ਬੁਰਾ ਭਲਾ ਦੁਇ ਸਮਸਰਿ ਸਹੀਐ॥<br>
ਹਉਮੈ ਜਾਇ ਤ ਏਕੋ ਬੂਝੈ<br>
ਸੋ ਗੁਰਮੁਖਿ ਸਹਜਿ ਸਮਾਇਦਾ॥

(ਮਾਰੂ ਮ: ੫, ਪੰਨਾ ੧੦੭੬)

ਇੱਕ ਆਦਰਸ਼ਕ ਗੁਰਸਿੱਖ ਇੱਕੋ ਸਮੇਂ ਬ੍ਰਹਮ ਗਿਆਨ ਤੇ ਸੂਰਬੀਰਤਾ ਦਾ ਪੁਤਲਾ ਹੈ, ਸੁੱਚੀ ਕਿਰਤ ਕਰਨ ਵਾਲਾ ਤੇ ਸੇਵਾ ਦਾ ਪੁੰਜ ਹੈ। ਨਮੂਨੇ ਦਾ ਬੰਦਾ ਹੋਣ ਕਰਕੇ ਇਹ ਸਾਰੀ ਇਨਸਾਨੀਅਤ ਦੀ ਨੁਮਾਇੰਦਗੀ ਤੇ ਅਗਵਾਈ ਕਰਨ ਦੀ ਯੋਗਤਾ ਰੱਖਦਾ ਹੈ। ਐਸੇ ਸੰਪੂਰਨ ਗੁਰਸਿੱਖ ਦੇ ਰਿਦੇ ਵਿੱਚ ਚਾਰੇ ਵਰਨਾਂ ਦੇ ਚਾਰੇ ਗੁਣਾਂ ਦਾ ਨਿਵਾਸ ਹੈ। ਉਹ ਹਨ :-

ਗਿਆਨ - ਬੀਰਤਾ - ਸੇਵਾ - ਘਾਲ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜਿਵੇਂ ਕਥਾ, ਸੁਪਾਰੀ, ਚੂਨਾ, ਪਾਨ ਇਹ ਚਾਰੇ ਮਿਲ ਕੇ ਪੋਸਤ ਦੇ ਫੁੱਲ ਜੈਸਾ ਲਾਲ ਰੰਗ ਉਤਪੰਨ ਕਰਦੇ ਹਨ, ਤਿਵੇਂ ਹੀ ਚਾਰੇ ਵਰਨਾਂ ਦੇ ਮੇਲ ਨਾਲ ਨਿਵੇਕਲੇ ਨਾਮ ਰੰਗ ਵਾਲਾ ਗੁਰਮੁਖ (ਜਾਂ ਖਾਲਸਾ) ਪੰਥ ਸਿਰਜਿਆ ਗਿਆ ਹੈ।

ਚਾਰਿ ਵਰਨਿ ਇਕ ਵਰਨ ਕਰਿ<br>
ਵਰਨ ਅਵਰਨ ਤਮੋਲ ਗੁਲਾਲੇ॥

******* (ਵਾਰ ੧੧, ਪਉੜੀ ੭)



www.AKJ.Org

# ਮਾਸਾਹਾਰ ਬਾਰੇ ਡਾਕਟਰੀ ਵਿਚਾਰ

(ਡਾ: ਉੱਤਮ ਸਿੰਘ ਜੀ)

ਮਨੁੱਖੀ ਜੀਵਨ ਵਿਚ ਡੂੰਘੀ ਵਿਚਾਰ ਅਤਿ ਜ਼ਰੂਰੀ ਹੈ ਅਤੇ ਇਸੇ ਦੀ ਘਾਟ ਲਗ ਪਗ ਸਾਰਾ ਜੀਵਨ ਸਾਨੂੰ ਅਨੁਭਵ ਹੁੰਦੀ ਰਹਿੰਦੀ ਹੈ। ਅਜ ਕਲ ਦੀ ਦੁਨੀਆਵੀ ਪੜ੍ਹਾਈ, ਜਿਸ ਨੂੰ ਅਸੀਂ ਸਕੂਲਾਂ ਕਾਲਜਾਂ ਵਿਚ ਪੜ੍ਹ ਕੇ ਰੋਜ਼ੀ ਲਈ ਕੰਮ ਕਾਰ ਅਰੰਭ ਦਿੰਦੇ ਹਾਂ, ਵੀ ਬੜੀਆਂ ਤਰੁਟੀਆਂ ਅਤੇ ਦੋਸ਼ ਭਰੀ ਹੈ (ਉਦੇਸ਼ ਕਰ ਕੇ ਸ਼ੁੱਧ ਖਾਣ ਪਾਣ ਅਤੇ ਠੀਕ ਵਸਤਰਾਂ ਬਾਰੇ)।

ਜਦੋਂ ਮਨੁੱਖਾ ਜੀਵਨ ਦਾ ਕੋਈ ਸਰਬ ਉੱਚ ਉਦੇਸ਼ ਨਹੀਂ ਬਣ ਆਉਂਦਾ ਤਾਂ ਅਸੀਂ ਹਰ ਵੇਲੇ ਹਰ ਸਥਾਨ ਤੇ ਮਾਰ ਕੁੱਟ, ਮਨੁੱਖਾਂ ਅਤੇ ਪਸ਼ੂਆਂ ਦੋਹਾਂ ਉੱਤੇ, ਅਤੇ ਬੇਲੋੜੇ ਜੰਗ, ਯੁੱਧ ਅਤੇ ਦੂਜਿਆਂ ਉੱਤੇ ਜ਼ੁਲਮ ਆਦਿ ਹੁੰਦਾ ਵੇਖਦੇ ਹਾਂ ਅਤੇ ਇਨ੍ਹਾਂ ਦਾ ਪਰਭਾਵ ਸਾਡੇ ਤੇ ਵੀ ਪੈਂਦਾ ਹੈ। ਇਸੇ ਪਰਭਾਵ ਸਦਕਾ ਹੀ ਅਸੀਂ ਸਮਝ ਬੈਠਦੇ ਹਾਂ ਕਿ ਜੋ ਮਨੁੱਖ ਆਪਣੇ ਭੋਜਨ ਲਈ ਦੂਜਿਆਂ ਜੀਵਾਂ ਦੀ ਹਤਿਆ ਕਰਦੇ ਹਨ, ਓਹ ਸਮਝਦੇ ਹਨ ਉਹ ਗ਼ਲਤੀ ਨਹੀਂ ਕਰਦੇ। ਪਰ ਸੱਚ ਤਾਂ ਇਹ ਹੈ ਕਿ ਅਜਿਹੇ ਜ਼ਾਲਮ ਮਨੁੱਖ ਕੁਦਰਤ ਦੇ ਨਿਯਮਾਂ ਨੂੰ ਹੀ ਨਹੀਂ ਜਾਣਦੇ।

ਜੇ ਅਸੀਂ ਕੁਦਰਤ ਦੇ ਨਿਯਮਾਂ ਨੂੰ ਜਾਣ ਲਈਏ ਤਾਂ ਸਾਨੂੰ ਇਹ ਪਤਾ ਲਗ ਜਾਵੇਗਾ ਕਿ ਮਾਸ ਦਾ ਖਾਣਾ ਹੀ, ਅਰਥਾਤ ਮਾਸਾਹਾਰ ਤੋਂ ਦੂਰ ਰਹਿਣਾ ਹੀ ਮਨੁੱਖੀ ਜੀਵਨ ਲਈ ਇਕ ਅਤਿ ਜ਼ਰੂਰੀ ਨਿਯਮ ਹੈ।

ਪ੍ਰਾਚੀਨ ਸਮੇਂ ਤੋਂ ਹੀ ਮਨੁੱਖ ਪਸ਼ੂਆਂ ਤੋਂ ਕਈ ਪ੍ਰਕਾਰ ਦੇ ਕੰਮ ਲੈਣ ਦੇ ਨਾਤੇ ਪਿਆਰ ਨਾਲ ਪਾਲਦਾ ਰਿਹਾ ਹੈ, ਨਾ ਕਿ ਮਾਰਦਾ ਰਿਹਾ ਹੈ। ਰਿਸ਼ੀ ਮੁਨੀ, ਸੰਤ, ਫ਼ਕੀਰ, ਸਤਿਗੁਰੂ ਸਾਹਿਬਾਨ ਵੀ ਜੀਵ-ਹਤਿਆ ਦੀ ਥਾਂ ਜੀਵ-ਦਇਆ ਤੇ ਪੂਰਾ ਜ਼ੋਰ ਦਿੰਦੇ ਰਹੇ ਹਨ। ਡਾਕਟਰੀ ਵਿਚਾਰ ਅਨੁਸਾਰ ਮਨੁੱਖ ਦਾ ਸਰੀਰਕ ਢਾਂਚਾ ਅਤੇ ਖ਼ਾਸ ਕਰ ਅੰਤੜੀਆਂ ਅਤੇ ਦੰਦਾਂ ਦੀ ਬਨਾਵਟ ਅਜਿਹੀ ਹੈ ਜਿਸ ਨਾਲ ਰੱਬ ਨੇ ਇਸ ਨੂੰ ਸ਼ਾਕਾਹਾਰੀ ਹੀ ਬਣਾਇਆ ਹੈ, ਮਾਸਾਹਾਰੀ ਨਹੀਂ। ਇਸ ਦਾ ਵਿਸਥਾਰ ਇਸ ਪ੍ਰਕਾਰ ਹੈ :-

(੧) ਮਾਸ ਖਾਣ ਵਾਲੇ ਪਸ਼ੂਆਂ ਦੀਆਂ ਅੰਤੜੀਆਂ ਛੋਟੀਆਂ ਹੁੰਦੀਆਂ ਹਨ ਤਾਂ ਜੁ ਮਾਸ ਵਰਗਾ ਜ਼ਹਿਰੀਲਾ ਭੋਜਨ ਛੇਤੀ ਬਾਹਰ ਨਿਕਲ ਸਕੇ, ਕਿਉਂਕਿ ਮਾਸ ਦੇ ਬਚੇ ਹੋਏ ਭਾਗ ਉੱਤੇ ਬੀਮਾਰੀਆਂ ਦੇ ਕੀੜੇ ਪਲਦੇ ਹਨ। ਪਰ ਮਨੁੱਖ ਦੀਆਂ ਅੰਤੜੀਆਂ ਬਹੁਤ ਲੰਮੀਆਂ ਹਨ। ਇਸ ਲਈ ਮਾਸਾਹਾਰ ਮਨੁੱਖ ਲਈ ਅਤਿ ਹਾਨੀਕਾਰਕ ਹੈ।

(੨) ਮਾਸ ਖਾਣ ਵਾਲਿਆਂ ਜਾਨਵਰਾਂ ਦੇ ਦੰਦ ਬਹੁਤ ਲੰਮੇ ਤੇ ਮਜ਼ਬੂਤ ਹੁੰਦੇ ਹਨ, ਜਿਵੇਂ ਕਿ ਸ਼ੇਰ ਦੇ, ਪਰ ਮਨੁੱਖ ਦੇ ਦੰਦ ਮਾਸ ਖਾਣ ਲਈ ਨਹੀਂ ਬਣੇ।

(੩) ਮਾਸ ਖਾਣ ਵਾਲੇ ਜਾਨਵਰਾਂ ਨੂੰ ਪਸੀਨਾ ਨਹੀਂ ਆਉਂਦਾ ਅਤੇ ਉਹ ਆਪਣੀ ਮੈਲ ਤੇਜ਼ ਤੇਜ਼ ਸਾਹ ਲੈ ਕੇ, ਸਾਹ ਦੁਆਰਾ ਹੀ ਕਢਦੇ ਹਨ। ਇਹਦੇ ਉਲਟ ਮਨੁੱਖ ਪਸੀਨੇ ਦੁਆਰਾ ਵੀ ਮੈਲ ਕਢਦਾ ਹੈ। (ਮੈਲ ਕਢਣ ਦੇ ਚਾਰ ਰਸਤੇ ਹਨ : ਮੱਲ ਦੇ ਰਸਤੇ, ਪਿਸ਼ਾਬ ਦੇ ਰਸਤੇ, ਪਸੀਨੇ ਦੇ ਰਸਤੇ ਅਤੇ ਫੇਫੜਿਆਂ ਦੇ ਰਸਤੇ)। ਮਨੁੱਖ ਸਵੇਰੇ ਮੈਦਾਨ ਸਾਫ਼ ਹੋਣ ਉਪਰੰਤ ਇਸ਼ਨਾਨ ਕਰਦਾ ਹੈ, ਜੋ ਜ਼ਰੂਰੀ ਹੈ, ਤਾਂ ਵੀ ਅਜੇ ਤਿੰਨ ਰਸਤਿਆਂ ਤੋਂ ਮੈਲ ਨਿਕਲੀ ਹੈ। ਚੌਥੇ ਰਸਤੇ ਅਰਥਾਤ ਫੇਫੜਿਆਂ ਦੀ ਮੈਲ ਕੇਵਲ ਨਾਮ ਸਿਮਰਨ ਨਾਲ ਹੀ ਦੂਰ ਹੁੰਦੀ ਹੈ। ਫੇਫੜਿਆਂ ਨੂੰ ਮਾਸਾਹਾਰ ਦੇ ਬਚੇ ਮੈਲ ਕੱਢਣ ਦਾ ਬੋਝ ਨਹੀਂ ਪਾਣਾ ਚਾਹੀਦਾ।

(੪) ਮਾਸ ਖਾਣ ਵਾਲੇ ਜਾਨਵਰਾਂ ਦੇ ਮੂੰਹ ਦੇ ਰੱਸ ਵਿਚ (ਸੈਲੀਵਾ-SALIVA ਵਿਚ) ਟਾਈਲਿਨ (Ptylin) ਨਹੀਂ ਹੁੰਦਾ, ਜੋ ਅੰਨ ਵਰਗੇ ਪਦਾਰਥ ਨੂੰ ਹਜ਼ਮ ਕਰਦਾ ਹੈ। ਪਰ ਮਨੁੱਖ ਦੇ ਮੂੰਹ ਵਿਚ ਸੈਲੀਵਾ (SALIVA) ਵਿਚ (Ptylin) ਹੁੰਦਾ ਹੈ, ਜੋ ਸਿੱਧ ਕਰਦਾ ਹੈ ਕਿ ਮਨੁੱਖ ਅਨਾਜ ਖਾ ਸਕਦਾ ਹੈ, ਮਾਸ ਨਹੀਂ।

(੫) ਮਾਸ ਖਾਣ ਵਾਲੇ ਪਸ਼ੂਆਂ ਦੇ ਪੇਟ ਵਿਚ, ਮਾਸ ਨਾ ਖਾਣ ਵਾਲੇ ਪਸ਼ੂਆਂ ਅਤੇ ਮਨੁੱਖਾਂ ਨਾਲੋਂ ਦਸ-ਗੁਣਾ ਵੱਧ ਨਮਕ ਦਾ ਤੇਜ਼ਾਬ (Hydrochloric Acid) ਨਿਕਲਦਾ ਹੈ, ਜੋ ਹੱਡੀਆਂ ਵੀ ਜ਼ਖ਼ਮੀ ਕਰ ਦਿੰਦਾ ਹੈ। ਸੋ ਜਾਨਵਰ ਹੀ ਦੂਜਿਆਂ ਜਾਨਵਰਾਂ ਦਾ ਮਾਸ ਹੱਡੀਆਂ ਸਮੇਤ ਖਾ ਸਕਦੇ ਹਨ, ਮਨੁੱਖ ਨਹੀਂ।

(੬) ਮਨੁੱਖ ਦੀਆਂ ਲੰਮੀਆਂ ਅੰਤੜੀਆਂ ਵਿਚ ਭੋਜਨ ਕਾਫ਼ੀ ਦੇਰ ਟਿਕ ਕੇ ਧੀਰੇ ਧੀਰੇ ਭੋਜਨ-ਤੱਤ ਸਰੀਰ ਨੂੰ ਦਿਵਾਂਦਾ ਹੈ ਅਤੇ ਇਥੇ ਮਨੁੱਖੀ ਭੋਜਨ ਹੋਰ ਹੀ ਢੰਗ ਨਾਲ ਗਲਦਾ ਹੈ।

(੭) ਮਾਸ ਖਾਣ ਵਾਲਿਆਂ ਦੇ ਮੱਲ ਮੂਤਰ ਵਿੱਚੋਂ ਬਦਬੂ ਵੀ ਬੜੀ ਮੰਦੀ ਆਉਂਦੀ ਹੈ, ਜਦ ਕਿ ਮਾਸ ਨਾ ਖਾਣ ਵਾਲੇ ਪਸ਼ੂਆਂ ਗਾਂ, ਮੱਝ, ਆਦਿ ਦੇ ਮੱਲ ਮੂਤਰ ਵਿਚ ਇਹ ਬਦਬੂ ਨਹੀਂ ਹੁੰਦੀ ਅਤੇ ਉਹ ਖਾਦ ਵੀ ਕੰਮ ਦੇ ਸਕਦੀ ਹੈ।

(੮) ਮਨੁੱਖ ਦੇ ਦੰਦਾਂ ਦਾ ਇਨੇਮਲ (Enamel) ਵੀ ਹੋਰ ਤਰ੍ਹਾਂ ਦਾ ਹੈ ਅਤੇ ਮਾਸ ਖਾਣ ਵਾਲੇ ਪਸ਼ੂਆਂ ਦਾ ਇਨੇਮਲ ਹੋਰ ਤਰ੍ਹਾਂ ਦਾ ਹੁੰਦਾ ਹੈ।


www.AKJ.Org

ਇਸ ਤੋਂ ਇਹ ਸਿੱਧ ਹੋਇਆ ਕਿ ਮਨੁੱਖ ਦਾ ਸਰੀਰ ਮਾਸ ਖਾਣ ਲਈ ਨਹੀਂ ਬਣਿਆ। ਬਹੁਤ ਦੇਰ ਤੋਂ ਮਨੁੱਖ ਨੂੰ ਇਹ ਸੋਚਣਾ ਚਾਹੀਦਾ ਸੀ ਕਿ ਕਿਹੜੀ ਵਸਤੂ ਖਾਣੀ ਚਾਹੀਦੀ ਹੈ ਅਤੇ ਕਿਹੜੀ ਵਸਤੂ ਨਹੀਂ ਖਾਣੀ ਚਾਹੀਦੀ। ਸ਼ਾਕਾਹਾਰੀ ਹੋਣਾ ਕੇਵਲ ਭੋਜਨ ਤਕ ਹੀ ਸੀਮਤ ਨਹੀਂ, ਸਗੋਂ ਜੀਵਨ ਦੇ ਉੱਚੇ ਆਦਰਸ਼ਾਂ ਦੀ ਪ੍ਰਾਪਤੀ ਲਈ ਇਹ ਜੀਵਨ ਦਾ ਤਰੀਕਾ ਹੈ।

ਮਨੁੱਖ ਜਿਹੜੇ ਜਾਨਵਰਾਂ ਦਾ ਮਾਸ ਖਾਂਦਾ ਹੈ ਉਨ੍ਹਾ ਵਿਚ ਬਹੁਤੇ ਜਾਨਵਰ ਕਈ ਰੋਗਾਂ ਦੇ ਸ਼ਿਕਾਰ ਹੁੰਦੇ ਹਨ ਅਤੇ ਰੋਗ ਮਾਸ ਖਾਣ ਵਾਲੇ ਦੇ ਖ਼ੂਨ ਵਿਚ ਵੀ ਆ ਜਾਂਦੇ ਹਨ। ਇਸੇ ਕਰਕੇ ਹੀ ਮਾਸ ਖਾਣ ਵਾਲੇ ਬਹੁਤੇ ਬਿਮਾਰ ਹੁੰਦੇ ਹਨ ਅਤੇ ਸ਼ਾਕਾਹਾਰੀ ਘੱਟ।

ਜਿਨ੍ਹਾਂ ਜਾਨਵਰਾਂ ਨੂੰ ਮਾਸਾਹਾਰ ਲਈ ਮਾਰਿਆ ਜਾਂਦਾ ਹੈ ਉਨ੍ਹਾਂ ਦੇ ਮਾਰਨ ਦੇ ਸਮੇਂ ਉਨ੍ਹਾਂ ਵਿਚ ਕਾਫ਼ੀ ਮਲ-ਮੂਤਰ ਵੀ ਹੁੰਦਾ ਹੈ, ਉਸਦਾ (Toxin) ਜ਼ਹਿਰ ਵੀ ਖਾਣ ਵਾਲੇ ਦੇ ਸਰੀਰ ਵਿਚ ਆ ਜੰਮਦਾ ਹੈ।

ਜਦੋਂ ਜਾਨਵਰ ਮਾਰੇ ਜਾਣ ਲਈ ਬੁੱਚੜਖਾਣੇ ਵੱਲ ਲਿਜਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਤਾਰ ਵਿਚ ਖੜਾ ਕੀਤਾ ਜਾਂਦਾ ਹੈ ਤਾਂ ਅਗਲੇ ਜਾਨਵਰ ਨੂੰ ਕਤਲ ਹੁੰਦਿਆਂ ਵੇਖ ਕੇ ਪਿਛਲੇ ਜਾਨਵਰ ਰੋਂਦੇ ਤੇ ਚਿਲਾਂਦੇ ਹਨ, ਜਿਸ ਨਾਲ ਹੋਰ ਜ਼ਹਿਰ ਵੀ ਉਨ੍ਹਾਂ ਅੰਦਰ ਪੈਦਾ ਹੋ ਜਾਂਦਾ ਹੈ, ਜਿਸ ਦਾ ਪਰਭਾਵ ਮਾਸਾਹਾਰੀਆਂ ਦੇ ਸਰੀਰ ਤੇ ਅਵੱਸ਼ ਪੈਂਦਾ ਹੈ।

ਕੀ ਅਜੇ ਵੀ ਮਾਸਾਹਾਰ ਹੋਣਾ ਚਾਹੀਦਾ ਹੈ ? ਮਾਸ ਖਾਣ ਨਾਲ ਅੰਦਰ ਗਲਣ ਸੜਨ ਉਪੰਰਤ ਜੋ ਵਸਤੂ ਬਾਹਰ ਨਿਕਲਣੀ ਹੁੰਦੀ ਹੈ ਉਹ ਮੈਲ-ਦੁਆਰ ਰਾਹੀਂ, ਮੂਤਰ ਦੁਆਰ ਰਾਹੀਂ, ਪਸੀਨੇ ਦੁਆਰਾ ਅਤੇ ਫੇਫੜਿਆਂ ਦੁਆਰਾ ਹੀ ਨਿਕਲਣੀ ਹੁੰਦੀ ਹੈ, ਇਸ ਲਈ ਇਨ੍ਹਾਂ ਦਾ ਕੰਮ ਵੱਧ ਜਾਂਦਾ ਹੈ ਅਤੇ ਕਾਫ਼ੀ ਮੈਲ ਇਨ੍ਹਾਂ ਦੇ ਕੋਲ ਜੰਮ ਜਾਂਦੀ ਹੈ ਅਤੇ ਕਈ ਪ੍ਰਕਾਰ ਦੇ ਰੋਗ ਪੈਦਾ ਕਰਦੀ ਹੈ, ਜਿਵੇਂ ਮੈਲ ਦੁਆਰ ਕੋਲ ਮੈਲ ਇਕੱਠੀ ਹੋਣ ਨਾਲ ਬਵਾਸੀਰ, ਮੂਤਰ ਦੁਆਰ ਕੋਲ ਮੈਲ ਇਕੱਠੀ ਹੋਣ ਨਾਲ ਪਥਰੀ, ਪਸੀਨੇ ਦੇ ਦੁਆਰ ਕੋਲ ਇਕੱਠੀ ਹੋਣ ਨਾਲ ਦਾਦ, ਖਾਰਿਸ਼ ਅਤੇ ਫੇਫੜਿਆਂ ਕੋਲ ਇਕੱਠੀ ਹੋਣ ਨਾਲ ਖਾਂਸੀ, ਬਲਗਮ, ਟੀ. ਬੀ. ਬਰਾਨਕਾਇਟਿਸ, ਪਲੂਰੇਸੀ ਅਤੇ ਅੰਤ ਕੈਂਸਰ ਹੋ ਜਾਂਦਾ ਹੈ। ਅਤੇ ਇਹੀ ਮੈਲ ਜਦੋਂ ਖ਼ੂਨ ਵਿਚ ਚਕਰ ਕੱਟਦੀ ਹੱਡੀਆਂ ਦੇ ਜੋੜਾਂ ਵਿਚ ਇਕੱਠੀ ਹੋ ਜਾਂਦੀ ਹੈ ਤਾਂ ਗੰਠੀਆ ਹੋ ਜਾਂਦਾ ਹੈ।

ਕੀ ਅਜੇ ਵੀ ਮਾਸਾਹਾਰ ਕਰਨਾ ਚਾਹੀਦਾ ਹੈ ?

(ਪੰਨਾ ੨ ਦੀ ਬਾਕੀ)

ਜੇ ਪ੍ਰਾਣੀ ਨੂੰ ਧਰਮ ਨਿਭਾਉਣ ਦਾ ਖ਼ਿਆਲ ਆਉਂਦਾ ਵੀ ਹੈ ਤਾਂ ਉਹ ਫੋਕਟ ਕਰਮਾਂ ਧਰਮਾਂ, ਪੁੰਨ-ਵਰਤ-ਨੇਮ ਅਤੇ ਤੀਰਥ-ਇਸ਼ਨਾਨ ਵਿਚ ਹੀ ਆਪਣਾ ਕਲਿਆਨ ਸਮਝਦਾ ਹੈ, ਜੋ ਨਿਰਾ ਹੰਕਾਰ ਵਧਾਉਣ ਦਾ ਕਾਰਨ ਹੁੰਦੇ ਹਨ। ਇਨ੍ਹਾਂ ਨਾਲ ਮਨ ਦੀ ਮੈਲ ਨਹੀਂ ਮਿਟਦੀ, ਅੰਦਰਲੀ ਭਟਕਣਾ, ਤ੍ਰਿਸ਼ਨਾ ਨਹੀਂ ਬੁਝਦੀ ਜਿਵੇਂ ਕਿ ਸਤਿਗੁਰੂ ਜੀ ਨੇ ਸੁਖਮਨੀ ਸਾਹਿਬ ਦੀ ਤੀਜੀ ਅਸ਼ਟਪਦੀ ਵਿਚ ਸ਼ਪੱਸਟ ਕਰਦਿਆ ਕਿਹਾ ਹੈ-

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ।।
ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ।।੪।।੩।।

ਇਹ ਸਭ ਝੂਠੇ ਧੰਧੇ ਹਨ, ਪਾਖੰਡ ਕਿਰਿਆ ਹੈ।, ਹਰਿ ਦਰਗਾਹ ਵਿਚ ਇਨ੍ਹਾਂ ਦਾ ਕੋਈ ਮੁੱਲ ਨਹੀਂ, ਇਹ ਅੰਤ ਸਮੇਂ ਸਭ ਜਮ-ਮਾਰਗ ਵਿਚ ਹੀ ਲੁਟੇ ਜਾਣਗੇ। ਤੋੜ ਸਾਥ ਕੇਵਲ ਵਾਹਿਗੁਰੂ ਦਾ ਸਿਮਰਨ ਅਤੇ ਉਸ ਦੀ ਸਿਫਤ ਸਲਾਹ ਹੀ ਜਾਣੀ ਹੈ, ਜਿਵੇਂ-

(ੳ) ਅਵਰ ਕਰਤੂਤਿ ਸਗਲਿ ਜਮੁ ਡਾਨੈ।।
ਗੋਵਿੰਦੁ ਭਜਨ ਬਿਨੁ ਤਿਲੁ ਨਹੀ ਮਾਨੈ।।੪।।੩।।
(੨੬੬)

(ਅ) ਹਰਿ ਬਿਨੁ ਅਵਰ ਕ੍ਰਿਆ ਬਿਰਥੇ।।
ਜਪ ਤਪ ਸੰਜਮ ਧਰਮ ਮਕਾਣੇ
ਇਹਿ ਓਰੈ ਮੂਸੇ।।੧।।ਰਹਾਉ।।
ਬਰਤ ਨੇਮ ਸੰਜਮ ਮਹਿ ਰਹਤਾ
ਤਿਨ ਕਾ ਆਢੁ ਨ ਪਾਇਆ ।।
ਆਗੈ ਚਲਣੁ ਅਉਰੁ ਹੈ ਭਾਈ
ਊਂਹਾ ਕਾਮਿ ਨ ਆਇਆ।।੧।।੧੬੪।।
(ੲ) ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ।।
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ।।੧।।੫੦।।
(੭੪...)

ਪ੍ਰਭੂ ਵਾਹਿਗੁਰੂ ਨੂੰ ਵਿਸਾਰ ਕੇ ਖੁਆਰ ਹੀ ਹੋਣਾ ਹੈ, ਰਤਨ ਜਨਮ ਗੁਆਣਾ ਹੈ। ਸੰਸਾਰ ਭਉਜਲ ਵਿਚ ਡੁਬਣਾ ਹੀ ਹੈ। ਮਾਇਆ ਖ਼ਾਤਰ ਦਿਨ ਰਾਤ ਵਿਲਕਦੇ ਰਹਿਣਾ ਕਾਂ ਵਾਂਗ ਲੌਂਦੇ ਫਿਰਨਾ ਹੀ ਹੈ, ਗੁਰਵਾਕ-

(ੳ) ਖਸਮੁ ਛੋਡਿ ਦੂਜੈ ਲਗੇ
ਡੂਬੇ ਸੇ ਵਣਜਾਰਿਆ।।੧੩।। (੪੭੦)
(ਅ) ਖਸਮੁ ਵਿਸਾਰਹਿ ਤੇ ਕਮਜਾਤਿ।।
ਨਾਨਕ ਨਾਵੈ ਬਾਝੁ ਸਨਾਤਿ।। (੩੪੫)
(ੲ) ਖਸਮੁ ਬਿਸਾਰਿ ਆਨ ਕੰਮ ਲਾਗਹਿ।। (੧੯੫)


www.AKJ.Org

# " ਸਤਿਗੁਰ ਸੰਗਿ ਨਾਹੀ ਮਨੁ ਡੋਲੈ"

(ਵਲੋਂ:- ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

ਪ੍ਰਹਲਾਦੁ ਕੋਠੇ ਵਿਚਿ ਰਾਖਿਆ
ਬਾਰਿ ਦੀਆ ਤਾਲਾ।।
ਨਿਰਭਉ ਬਾਲਕੁ ਮੂਲਿ ਨ ਡਰਈ
ਮੇਰੈ ਅੰਤਰਿ ਗੁਰ ਗੋਪਾਲਾ....।।੭।।

(ਭੈਰਉ ਮ:੩, ਪੰਨਾ ੧੧੫੪)

(੧) ਇਸ ਦੁਪੰਗਤੀ ਵਿਚ ਇਕ ਬੀਤੀ ਹੋਈ ਘਟਨਾ ਦਾ ਇਤਿਹਾਸ ਵੀ ਹੈ ਅਤੇ ਨਾਲ ਹੀ ਇਕ ਅਟੱਲ ਸਚਾਈ ਵੀ। ਇਤਿਹਾਸ ਹੈ ਸ੍ਰੀ ਪ੍ਰਹਿਲਾਦ ਜੀ ਦੇ ਕਸ਼ਟਾਂ ਵਿਚ ਅਡੋਲ ਅਤੇ ਨਿਰਭਉ ਅਵਸਥਾ ਵਿਚ ਰਹਿਣ ਦਾ ਅਤੇ ਅਟੱਲ ਸਚਾਈ ਹੈ ਵਾਹਿਗੁਰੂ ਦੇ ਆਪਣੇ ਭਗਤਾਂ ਦੇ ਨਿਕਟ-ਵਰਤੀ ਹੋਣ ਦੀ। ਇਸ ਅਟੱਲ ਸਚਾਈ ਦੇ ਸਦਕੇ ਅਜਿਹਾ ਇਤਿਹਾਸ ਮੁੜ ਮੁੜ ਬਣਦਾ ਰਹਿੰਦਾ ਅਤੇ ਸਮੇਂ ਸਮੇਂ ਵਖ ਵਖ ਘਟਨਾਵਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਰਹਿੰਦਾ ਹੈ। ਇੰਜ ਸਾਧਾਰਨ ਮਨੁਖਾਂ ਦਾ ਇਸ ਅਟੱਲ ਸਚਾਈ ਤੇ ਵਿਸ਼ਵਾਸ਼ ਪੱਕਾ ਹੁੰਦਾ ਰਹਿੰਦਾ ਹੈ ਅਤੇ ਉਹਨਾਂ ਨੂੰ ਉਤਸ਼ਾਹ ਅਤੇ ਪ੍ਰੇਰਨਾ ਮਿਲਦੀ ਰਹਿੰਦੀ ਹੈ। ਜੇ ਇਤਿਹਾਸ ਤਾਜ਼ੀਆਂ ਘਟਨਾਵਾਂ ਦੁਆਰਾ ਮੁੜ ਮੁੜ ਰੂਪਮਾਨ ਨ ਹੋਵੇ ਤਾਂ ਇਸ ਦੇ ਪਿਛੇ ਲੁਕਿਆ ਹੋਇਆ ਰਹੱਸ ਬੇਹਿਆ ਜਿਹਾ ਹੋ ਜਾਂਦਾ ਹੈ।

(੨) ਜਦੋਂ ਮਨੁਖ ਗੁਰੂ-ਪਰਾਇਣ ਹੋ ਜਾਵੇ, ਗੁਰੂ ਸਦਾ ਉਸ ਦਾ ਨਿਕਟ-ਵਰਤੀ ਹੋਇਆ ਰਹਿੰਦਾ ਹੈ। ਗੁਰੂ ਕਈ ਵਾਰੀ ਉਸ ਦੀ ਅਨਜਾਣੇ ਅਤੇ ਅਨ-ਪਛਾਣੇ ਗੁਪਤ ਰੂਪ ਵਿਚ ਰਖਿਆ ਕਰਦਾ ਹੈ ਤੇ ਕਈ ਵਾਰੀ ਉਸ ਦੇ ਹਿਰਦੇ ਵਿਚ ਪਰਗਟ ਹੋ ਕੇ ਅਤੇ ਆਪਣਾ ਵਸਲ ਬਖਸ਼ ਕੇ। ਨਾਮ-ਪ੍ਰਗਾਸ ਦੀ ਵਿਸਮਾਦੀ ਅਵਸਥਾ ਦੇ ਚਲੂਲੇ ਰੰਗਾਂ ਵਿਚ ਰੰਗ ਕੇ ਗੁਰੂ ਪਾਤਸ਼ਾਹ ਆਪਣੇ ਗੁਰਸਿਖਾਂ ਪਾਸੋਂ ਬਿਖੜੇ ਹਾਲਾਤ ਵਿਚ ਅਜਿਹੀ ਕਰੜੀ ਤੇ ਬਿਖਮ ਘਾਲ ਕਰਵਾਉਂਦਾ ਹੈ ਕਿ ਜਗਤ ਇਕ ਪਾਸੇ ਤਾਂ ਉਨ੍ਹਾਂ ਦੇ ਕਾਰਨਾਮਿਆਂ ਨੂੰ ਵੇਖ ਕੇ ਦੰਗ ਰਹਿ ਜਾਂਦਾ ਹੈ ਅਤੇ ਦੂਜੇ ਪਾਸੇ ਪ੍ਰਭਾਵਤ ਅਤੇ ਪ੍ਰੇਰਤ ਵੀ ਹੁੰਦਾ ਹੈ।

ਸਤਿਗੁਰ ਸੰਗਿ ਨਾਹੀ ਮਨੁ ਡੋਲੈ।।
ਅੰਮ੍ਰਿਤ ਬਾਣੀ ਗੁਰਮੁਖਿ ਬੋਲੈ।।੧।।

(ਗਉੜੀ ਗੁਆਰੇਰੀ ਮ: ੫, ਪੰਨਾ੧੮੩)

(੩) ਗੁਰੂ ਆਪਣੇ ਸਿਖ ਦੇ ਸਦਾ ਅੰਗ ਸੰਗ ਵਸਦਾ ਹੈ। ਜਿਹੜਾ ਸਿਖ ਇਕ ਵਾਰੀ ਗੁਰੂ ਦਾ ਹੋ ਗਿਆ, ਗੁਰੂ ਸਦਾ ਉਸ ਦੀ ਨਿਗਾਹਬਾਨੀ ਕਰਦਾ ਹੈ, ਸਦਾ ਉਸ ਦੀਆਂ ਮੁਸ਼ਕਲਾਂ ਵਿਚ ਸਾਥ ਨਿਭਾਉਂਦਾ ਹੈ। ਇਹ ਗੁਰੂ ਦਾ ਬਿਰਦ ਹੈ।

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।।
ਸੇਵਕ ਕਉ ਗੁਰੁ ਸਦਾ ਦਇਆਲ।।

(ਗਉੜੀ ਸੁਖਮਨੀ ਮ: ੫, ਪੰਨਾ ੨੮੬)

ਗੁਰੂ ਦਾ ਸਿਖ ਗਲੀਂ ਬਾਤੀਂ ਨਹੀਂ ਬਣਿਆ ਜਾਂਦਾ। ਇਸ ਲਈ ਇਕ ਸ਼ਰਤ ਹੈ। ਉਹ ਇਹ ਕਿ ਸਿਖ ਆਪਣਾ ਆਪਾ ਗੁਰੂ ਦੇ ਅਰਪਣ ਕਰੇ ਅਤੇ ਗੁਰੂ ਦੀ ਆਗਿਆ ਮਨ ਬਚਨ ਕਰਮ ਕਰ ਕੇ ਸਤਿ ਮੰਨੇ।

ਮਨੁਖ ਦੀ ਜੀਵਨ-ਗੱਡੀ ਦਾ ਘੋੜਾ ਮਨ ਹੈ। ਜੇ ਮਨ ਦੀਆਂ ਵਾਗਾਂ *'ਗੁਰੂ'* ਨੂੰ ਫੜਾ ਦਿਤੀਆਂ ਜਾਣ ਤਾਂ ਜੀਵਨ -ਗੱਡੀ ਸਦਾ ਸੁਰੱਖਿਅਤ ਤੇ ਸਲਾਮਤ ਰਹਿੰਦੀ ਹੈ। ਗੁਰੂ, ਜੀਵ ਦੇ ਮਨ-ਘੋੜੇ ਨੂੰ ਗੁਰ-ਸ਼ਬਦ ਗੁਰਮੰਤਰ ਦਾ ਕੜੀਆਲਾ ਪਾ ਦਿੰਦਾ ਹੈ-

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ।।
ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ....।।੩।।

(ਵਡਹੰਸ ਮ: ੪, ਪੰਨਾ ੫੭੬)

(੪) *'ਗੁਰੂ'* ਅਕਾਲ ਪੁਰਖ ਦਾ ਪਰਤੱਖ ਸਰੂਪ ਹੈ। ਗੁਰੂ ਤੇ ਅਕਾਲ ਪੁਰਖ ਅੰਤਰ-ਆਤਮੇ ਅਭੇਦ ਹਨ। ਏਸੇ ਤਰ੍ਹਾਂ ਗੁਰ-ਸ਼ਬਦ ਗੁਰੂ ਦਾ ਪਰਤੱਖ ਸਰੂਪ ਹੈ ਅਤੇ *'ਗੁਰੂ'* ਗੁਰਸ਼ਬਦ ਦੇ ਵਿਚ ਹਲੂਲ ਹੋਇਆ ਪਿਆ ਹੈ। ਜਿਸ ਸਿਖ ਦੀ ਰਸਨਾ ਤੇ ਸਦਾ ਗੁਰ-ਸ਼ਬਦ ਦਾ ਨਿਵਾਸ ਹੈ, ਹਿਰਦੇ ਵਿਚ ਗੁਰ-ਸ਼ਬਦ ਦਾ ਖੰਡਾ ਖੜਕਦਾ ਹੈ, ਉਸ ਦੇ ਅੰਦਰ ਅੰਮ੍ਰਿਤ ਦਾ ਨਿਝਰ-ਝਰਨਾ ਨਿਰਤੰਰ ਝਰਦਾ ਰਹਿੰਦਾ ਹੈ ਤੇ ਉਹ ਸਦਾ ਤ੍ਰਿਪਤਾਇ ਅਘਾਇ ਰਹਿੰਦਾ ਹੈ। ਸ਼ਬਦ-ਜੋਤਿ ਉਸ ਦੇ ਅੰਦਰ ਪ੍ਰਕਾਸ਼ਮਾਨ ਹੋ ਜਾਂਦੀ ਹੈ ਤੇ ਗੁਰੂ ਵਾਹਿਗੁਰੂ ਉਸਨੂੰ ਸਦਾ ਅੰਗ ਸੰਗ ਵਸਦਾ ਪ੍ਰਤੀਤ ਹੁੰਦਾ ਹੈ। ਚੋਜੀ ਸਤਿਗੁਰੂ ਅਨਿੰਨ ਗੁਰਸਿਖਾਂ ਨਾਲ ਸਦਾ ਸਹਿਜ-ਕੇਲ ਕਰਦਾ ਹੋਇਆ ਉਨ੍ਹਾਂ ਨੂੰ ਖੇੜਾ ਤੇ ਵਿਗਾਸ ਬਖ਼ਸ਼ਦਾ ਰਹਿੰਦਾ ਹੈ।

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ।।
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ।।
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਈ ਹੇ।।੬।।

( ਮਾਰੂ ਸੋਲਹੇ ਮ: ੪, ਪੰਨਾ ੧੦੬੯)



www.AKJ.Org

(੫) ਮਨ-ਪਰਚਾਵਾ ਉਦਾਸੀ ਤੋਂ ਬਚਣ ਦਾ ਵਡਾ ਸਾਧਨ ਹੈ। ਮਨ-ਪਰਚਾਵੇ ਦੇ ਬੇਅੰਤ ਦੁਨੀਆਵੀਂ ਸਾਧਨ ਹਨ। ਪੰਜ ਗਿਆਨ ਅਤੇ ਪੰਜ ਕਰਮ ਇੰਦਰੀਆਂ ਦੇ ਆਪੋ ਆਪਣੇ ਮਨ-ਪਰਚਾਵੇ ਹਨ। ਮਨੁਖ ਇਨ੍ਹਾਂ ਪਰਚਾਵਿਆਂ ਰਾਹੀਂ ਮਨ ਨੂੰ ਸੰਤੁਸ਼ਟ ਕਰਨ ਦਾ ਯਤਨ ਸਦਾ ਕਰਦਾ ਰਹਿੰਦਾ ਹੈ। ਸਦੀਆਂ ਲੰਘ ਗਈਆਂ ਹਨ ਅਜਿਹਾ ਕਰਦਿਆਂ, ਪਰ ਮਨ ਇਨ੍ਹਾਂ ਰਸਾਂ ਕਸਾਂ, ਵਿਸ਼ੇ-ਭੋਗਾਂ ਵਿਚ ਪਰਚ ਨਹੀਂ ਸਕਿਆ। ਇਹ ਛਿਨ-ਭੰਗਰ ਰਸ, ਭੋਗ ਭੋਗ ਕੇ ਮਨ ਅਤ੍ਰਿਪਤ ਹੀ ਰਿਹਾ ਹੈ ਅਤੇ ਇਸ ਦੀ ਤ੍ਰਿਸ਼ਨਾ ਬੁਝੀ ਨਹੀਂ, ਸਗੋਂ ਹੋਰ ਮਚੀ ਹੈ। ਮਨ ਬੜਾ ਤਕੜਾ ਰਸੀਆ ਹੈ, ਪਰ ਸਦੈਵੀ-ਰਸ ਨਾ ਮਿਲਣ ਕਾਰਨ ਹੋਛੇ ਰਸਾਂ ਵਿਚ ਪ੍ਰਵਿਰਤ ਹੋ ਕੇ ਆਪਣਾ ਬਲ ਖੀਣ ਕਰੀ ਜਾਂਦਾ ਹੈ।

ਜਿਸ ਕਿਸੇ ਵਡਭਾਗੇ ਮਨੁੱਖ ਨੂੰ ਪੂਰਬ ਕਰਮ ਅੰਕੁਰ ਸਫੁਟ ਹੋਣ ਉਤੇ ਗੁਰੂ-ਸਤਿਗੁਰੂ ਦਾ ਮਿਲਾਪ ਹੁੰਦਾ ਹੈ, ਉਸ ਨੂੰ ਗੁਰੂ ਤੋਂ ਨਾਮ-ਗੁਰਮੰਤਰ ਦੀ ਦਾਤ ਪ੍ਰਾਪਤ ਹੁੰਦੀ ਹੈ, ਉਸ ਦਾ ਨਾਮ ਨਾਲ ਪਰਚਾ ਪੈਂਦਾ ਹੈ। ਨਾਮ-ਰਸ ਵਿਚ ਪਰਚਿਆ ਮਨ ਇਸ ਰਸ ਨੂੰ ਛਡ ਨਹੀਂ ਸਕਦਾ। ਬਸ ਫਿਰ ਕੀ, ਅਠੇ ਪਹਿਰ ਨਾਮ ਦਾ ਪਰਚਾ ਬਣਿਆ ਰਹਿੰਦਾ ਹੈ। ਇਹ ਹੈ ਅਦਰਸ਼ਕ ਪਰਚਾ। ਮਨ ਅਜਿਹਾ ਸ਼ਬਦ ਵਿਚ ਪਰਚਦਾ ਹੈ ਕਿ ਰਸ ਪ੍ਰਾਇਣ ਹੋਇਆ ਇਸ ਵਿਚ ਹੀ ਨਿਮਗਨ ਰਹਿੰਦਾ ਹੈ। ਜਿਉਂ ਜਿਉਂ ਸ਼ਬਦ-ਅਭਿਆਸ ਕਰਦਾ ਹੈ, ਅੰਮ੍ਰਿਤ ਦਾ ਫੁਹਾਰਾ ਹੋਰ ਪ੍ਰਬਲ ਹੋ ਜਾਂਦਾ ਹੈ।

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ॥
ਜਿਉ ਜਿਉ ਸਾਹਬੁ ਮਨਿ ਵਸੈ
ਗੁਰਮੁਖਿ ਅੰਮ੍ਰਿਤੁ ਪੇਉ॥.....॥੩॥੧੬॥

(ਸਿਰੀ ਰਾਗੁ ਮ: ੧, ਪੰਨਾ ੨੦)

ਅਭਿਆਸੀ ਅੰਮ੍ਰਿਤ ਪੀ ਪੀ ਖੀਵਾ ਹੋਇਆ ਰਹਿੰਦਾ ਹੈ। ਕੁਝ ਹੋਰ ਖਾਣ ਪੀਣ ਪੈਨਣ ਦੀ ਇਛਾ ਹੀ ਨਹੀਂ ਰਹਿੰਦੀ, ਕਿਸੇ ਨਾਲ ਕੁਝ-ਬੋਲਣ ਨੂੰ ਜੀਅ ਨਹੀਂ ਲੋਚਦਾ। ਉਸ ਦੀ ਬਸ ਇਕੋ ਲਾਲਸਾ ਹੁੰਦੀ ਹੈ ਕਿ ਇਕਾਂਤ ਬਣੀ ਰਹੇ ਅਤੇ ਇਕਾਂਤ ਵਿਚ ਰੀਸਾਲੂ ਗੁਰ-ਸ਼ਬਦ ਨਾਲ ਮਨ ਦਾ ਕਾਂਟਾ ਸਦਾ ਜੁੜਿਆ ਰਵ੍ਹੇ।

ਜਿਹੜੀ ਇਕੱਲ ਸੰਸਾਰੀ ਮਨੁੱਖਾਂ ਨੂੰ ਖਾਣ ਨੂੰ ਆਉਂਦੀ ਹੈ, ਭਗਤ ਲੋਕ ਇਸ ਨੂੰ *"ਇਕਾਂਤ"* ਦੇ ਪਿਆਰੇ ਨਾਮ ਨਾਲ ਯਾਦ ਕਰਦੇ ਹਨ ਅਤੇ ਇਸ ਦੇ ਸਿਰ ਸਦਕੇ ਮਨ-ਬਿਰਤੀ ਨੂੰ ਬਾਹਰਮੁਖੀ ਵਾਸ਼ਨਾਵਾਂ ਤੋਂ ਸੰਕੋਚ ਕੇ ਨਾਮ ਨਾਲ ਜੋੜ, ਪ੍ਰਭੂ-ਵਸਲ ਦਾ ਅਨੰਦ ਲੈਂਦੇ ਰਹਿੰਦੇ ਹਨ। ਉਹਨਾਂ ਨੂੰ ਦੁਖ ਨਹੀਂ ਪੋਹ ਸਕਦੇ। ਦੇਖਣ ਨੂੰ ਭਾਵੇਂ ਉਨ੍ਹਾਂ ਦੇ ਸਰੀਰ ਉਤੇ ਕਈ ਕਸ਼ਟ ਆਉਂਦੇ ਦਿਸਦੇ ਹਨ, ਪਰ ਓਹ ਦੁਖ ਨੂੰ ਪ੍ਰਭੂ ਦੀ ਦਾਤ ਅਤੇ ਦਾਰੂ ਜਾਣਦੇ ਹਨ। ਉਨ੍ਹਾਂ ਦੀ ਸੁਰਤੀ ਦੇਹ ਤੋਂ ਬਿਦੇਹ ਹੋ, ਨਾਮ ਵਿਚ ਹੀ ਤ੍ਰਿਬੁਡ ਰਹਿੰਦੀ ਹੈ। ਨਾਮ ਵਿਚ ਖੀਵੇ ਹੋ ਉਹ ਗਾਉਂਦੇ ਰਹਿੰਦੇ ਹਨ-

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥੧॥

(ਆਸਾ ਰਵਿਦਾਸ ਜੀ, ਪੰਨਾ ੪੮੬

(੬) ਗੁਰੂ ਵਾਹਿਗੁਰੂ ਦੀ ਹੋਂਦ ਉਤੇ ਵਿਸ਼ਵਾਸ ਅਤੇ ਉਸ ਦੇ ਹਾਜ਼ਰ-ਨਾਜ਼ਰ ਹੋਣ ਦੀ ਦ੍ਰਿੜ੍ਹਤਾ, ਇਹ ਭਗਤੀ-ਮਾਰਗ ਦੇ ਮਹਿਲ ਦੀ ਨੀਂਹ ਹੈ। ਗੁਰੂ ਕਰੇ, ਸਾਨੂੰ ਇਹ ਵਿਸ਼ਵਾਸ ਅਤੇ ਦ੍ਰਿੜ੍ਹਤਾ ਆਵੇ।

******

ਨਾਮ ਅਭਿਆਸ ਕਮਾਈ ਰੂਪੀ ਗੁਰੂ ਦੇ ਤੱਤ ਹੁਕਮ ਤੋਂ ਬੇਮੁੱਖ ਹੋ ਕੇ ਜੋ ਭੀ ਸਿੱਖ ਆਪਣੇ ਮਨ ਦੇ ਮਗਰ ਲੱਗ ਕੇ ਚਲਦਾ ਹੈ, ਸੋਈ ਮਨਮੁਖ ਕਹਾਉਂਦਾ ਹੈ। ਮਨ-ਮੁਖੀ ਸਿੱਖ ਦਾ ਗੁਰੂ ਦੇ ਹੁਕਮ ਤੋਂ ਬੇਮੁੱਖ ਹੋ ਕੇ ਚੱਲਣਾ ਅਤੇ ਆਪਦੇ ਮਨ ਦੇ ਮਗਰ ਲੱਗਣਾ, ਗੁਰਮਤਿ ਤੋਂ ਗਿਰਨ ਅਤੇ ਗੁਰਸਿੱਖੀ ਤੋਂ ਪਤਿਤ ਹੋਣ ਦਾ ਪਹਿਲਾ ਮੁੱਢਲਾ ਕਾਰਨ ਹੈ। ਮਨਮੁਖ ਪੁਰਸ਼ ਆਪਣੇ ਮਨ ਮਗਰ ਲਗ ਕੇ, ਗੁਰਮਤਿ ਮਾਰਗ ਤੋਂ ਮੁਨਹਰਫ਼ ਹੋ ਕੇ, ਪਿਆ ਭੁੱਲਾ ਭਟਕਦਾ ਫਿਰਦਾ ਹੈ ਅਤੇ ਦੂਜੇ ਭਾਇ ਵਿਚ ਖੱਚਤ ਹੋ ਕੇ ਖੁਆਰ ਹੁੰਦਾ ਰਹਿੰਦਾ ਹੈ। ਨਾਮ ਅੰਮ੍ਰਿਤ ਦੀ ਅਮਰ ਸੁਰਜੀਤਨੀ ਕਲਾ ਤੋਂ ਘੁੱਥ ਕੇ ਮਿਰਤਕ ਮੜ੍ਹਾ ਸਰੀਰ ਹੋ ਜਾਂਦਾ ਹੈ। ਨਾਮ ਮਹਾਂ-ਰਸ ਨੂੰ ਛੱਡ ਕੇ ਬਿਖਿਆ ਰਸਾਂ ਅੰਦਰ ਲਪਟ ਖਪਟ ਹੋ ਕੇ ਅਨਦਿਨ ਖਪ ਖਪ ਮਰਦਾ ਹੈ। ਉਸ ਦਾ ਦਿਨ ਰਾਤ ਵਿਸ਼ਟਾ ਅੰਦਰ ਹੀ ਵਾਸਾ ਰਹਿੰਦਾ ਹੈ। ਸੋ ਇਸ ਬਿਧਿ ਸਚਿਆਰ ਸਿਖ ਸੇਵਕ ਵਾਲੀ ਪਦਵੀ ਤੋਂ ਪਤਿਤ ਹੋ ਕੇ ਉਹ ਚੌਰਾਸੀ ਦੇ ਗੇੜ ਵਿੱਚ ਜਾ ਪੈਂਦੇ ਹਨ।

ਮਨਮੁਖੁ ਭੂਲਾ ਦੂਜੈ ਭਾਇ ਖੁਆਏ॥
ਨਾਮੁ ਨ ਲੇਵੈ ਮਰੈ ਬਿਖੁ ਖਾਏ॥
ਅਨਦਿਨੁ ਸਦਾ ਵਿਸਟਾ ਮਹਿ ਵਾਸਾ
ਬਿਨੁ ਸੇਵਾ ਜਨਮੁ ਗਵਾਵਣਿਆ॥੬॥

(ਮਾਝ ਮ: ੩, ਪੰਨਾ ੧੧੯)

(ਭਾਈ ਰਣਧੀਰ ਸਿੰਘ ਜੀ)


www.AKJ.Org

# ਖਾਲਸਾ ਰਹਿਤ 'ਕੇਸਕੀ'

(ਜਥੇਦਾਰ ਭਾਈ ਰਾਮ ਸਿੰਘ ਜੀ)

ਦਸਮੇਸ਼ ਪਿਤਾ ਜੀ ਨੇ ਖ਼ਾਲਸੇ ਨੂੰ ਨਿਆਰਾ ਪਹਿਰਾਵਾ ਬਖ਼ਸ਼ਦਿਆਂ ਹੋਇਆਂ ਹੁਕਮ ਜਾਰੀ ਕੀਤਾ *"ਕਿ ਸਭ ਸਿੱਖ ਪੂਰੇ ਕੇਸ ਰੱਖਣ। ਕੇਸ ਗੁਰੂ ਕੀ ਮੋਹਰ ਹਨ"*। ਇਸ ਦੇ ਨਾਲ ਹੀ ਕੇਸਾਂ ਦੀ ਭੈ-ਭਾਵਨੀ ਵਾਲੀ ਸਤਿਕਾਰ ਭਰੀ ਸੰਭਾਲ ਕਰਨ ਲਈ, ਦਿਹਾੜੀ ਵਿਚ ਦੋ ਦਫ਼ਾ ਕੰਘਾ ਕਰਨ ਲਈ ਕਿਹਾ ਅਤੇ ਪੱਗ ਚੁਣ ਕੇ ਬੰਨ੍ਹਣ ਲਈ ਕਿਹਾ। ਇਸ ਨਾਲ ਗੁਰਸਿਖਾਂ ਲਈ ਕੇਸਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੋ ਗਿਆ। ਅਤੇ ਦਸਤਾਰ-ਸਜੀਲੇ ਦਰਸ਼ਨ ਭੀ ਲਾਜ਼ਮੀ ਹੋ ਗਏ। ਆਪਣੀ ਅਤੇ ਮਜ਼ਲੂਮਾਂ ਦੀ ਰੱਖਿਆ ਵਾਸਤੇ ਕਿਰਪਾਨ ਪਹਿਨਣ ਲਈ ਕਿਹਾ। ਸ੍ਰੀਰਕ ਉੱਦਮ, ਚੁਸਤੀ ਅਤੇ ਫੁਰਤੀਲਾਪਨ ਲਈ ਧੋਤੀ, ਚਾਦਰ ਜਾਂ ਲੰਗੋਟੀ ਦੀ ਜਗ੍ਹਾ ਕਛਹਿਰਾ ਪਹਿਨਣ ਲਈ ਕਿਹਾ। ਪੰਜ ਵਕਾਰੀ ਬਲੀਆਂ ਨੂੰ ਆਪਣੇ ਵੱਸ ਵਿੱਚ ਕੱੜ ਕੇ ਰਖੱਣ ਲਈ, ਸੱਜੇ ਹੱਥ ਵਿਚ ਸਰਬ ਲੋਹ ਦਾ ਕੜਾ ਪਹਿਰਨ ਲਈ ਕਿਹਾ।

ਇਹ ਰਹਿਤ ਮਰਯਾਦਾ ਸਭਨਾਂ ਲਈ ਸਾਂਝੀ ਪਰਚੱਲਤ ਕੀਤੀ। ਇਸਤ੍ਰੀਆਂ ਲਈ ਕੋਈ ਅਲੱਗ ਮਰਯਾਦਾ ਨਹੀਂ ਚਲਾਈ। ਜੇ ਕਲਗੀਧਰ ਪਿਤਾ ਇਸਤ੍ਰੀਆਂ ਲਈ ਅਲੱਗ ਮਰਯਾਦਾ ਚਲਾਉਂਦੇ ਤਾਂ ਅੰਨ੍ਹਿਆਂ, ਕਾਣਿਆਂ, ਬੋਲਿਆਂ, ਬੁੱਢਿਆਂ ਅਤੇ ਲੰਗੜਿਆਂ ਲੂਲ੍ਹਿਆਂ ਵਾਸਤੇ ਭੀ ਉਹਨਾਂ ਦੀ ਉਮਰ ਦੇ ਲਿਹਾਜ਼ ਨਾਲ ਜਾਂ ਸਰੀਰਕ ਬੇ-ਵਸੀ ਦੇ ਖ਼ਿਆਲ ਨਾਲ ਅਲੱਗ ਮਰਯਾਦਾ ਚਲਾਉਣੀ ਲਾਜ਼ਮੀ ਹੋ ਜਾਂਦੀ। ਪਰ ਐਸਾ ਕੀਤਾ ਨਹੀਂ। ਕਿਉਂਕਿ ਰੱਬ ਇਕ, ਗੁਰੂ ਇੱਕ, ਅੰਮ੍ਰਿਤ ਇੱਕ, ਨਾਮ ਇੱਕ। ਇਸ ਲਈ ਗੁਰਸਿਖੀ ਮਾਰਗ ਭੀ ਇਕ ਹੀ ਹੋਣਾ ਲਾਜ਼ਮੀ ਸੀ। ਇਸ ਇਕ ਮਾਰਗ ਦੇ ਪਾਂਧੀਆਂ ਲਈ, ਰਹਿਤ ਮਰਯਾਦਵੀ ਲਿਬਾਸ ਭੀ, ਸਤਿਗੁਰਾਂ ਨੂੰ ਇੱਕ ਹੀ ਜੈਸਾ ਭਾਇਆ। ਇਕ ਮਰਯਾਦਾ ਅਤੇ ਇਕ ਲਿਬਾਸ ਦਾ ਕਾਰਨ ਖ਼ਾਲਸਾ ਭੀ ਇੱਕ ਹੀ ਹੈ। ਅਤੇ ਖ਼ਾਲਸਾ ਜੀ ਦਾ ਦਰਸ਼ਨ ਭੀ ਇਕ ਹੀ ਸਮਾਨ ਹੈ। ਇਹ ਦਰਸ਼ਨ ਖ਼ਾਸ ਅਗੰਮੜਾ ਦਰਸ਼ਨ ਹੈ, ਚੜ੍ਹਦੀਆਂ ਕਲਾਂ ਵਾਲਾ ਦਰਸ਼ਨ ਹੈ, ਸ਼ਾਂਤੀ ਅਨੰਦ ਅਤੇ ਸੀਤਲਤਾ ਬਖ਼ਸ਼ਣ ਵਾਲਾ ਦਰਸ਼ਨ ਹੈ, ਇਹ ਕਲਗੀਧਰ ਜੀ ਦਾ (ਰੂਪ) ਦਰਸ਼ਨ ਹੈ। ਖ਼ਾਸ ਰੂਪ ਇੱਕ ਹੀ ਰੂਪ ਹੋਇਆ ਕਰਦਾ ਹੈ, ਇਕ ਤੋਂ ਜ਼ਿਆਦਾ ਨਹੀਂ। ਇਸ ਲਈ ਕੇਸ-ਕਕਾਰੀ ਦਸਤਾਰੀ-ਦਰਸ਼ਨ-ਭਰਪੂਰ-ਰਹਿਤ ਸਭ ਸਿਖਨ (ਮਰਦਾਂ ਇਸਤ੍ਰੀਆਂ) ਲਈ ਸਾਂਝੀ ਹੈ।

ਪੰਥ ਵਿਚ ਬੀਬੀਆਂ ਦੇ ਦਸਤਾਰ ਸਜਾਉਣ ਬਾਰੇ ਕੁਝ ਮਤਭੇਦ ਦੀ ਗੰਧਲਤਾ ਜਹੀ ਖੜੀ ਹੋ ਗਈ ਹੈ। ਥੋੜੀ ਗਿਣਤੀ ਤਾਂ ਦਸਤਾਰ ਦੇ ਹੱਕ ਵਿਚ ਹੈ, ਪਰ ਬਹੁ-ਗਿਣਤੀ ਇਸ ਦੇ ਖ਼ਿਲਾਫ਼ ਹੈ। ਕੱਛ, ਕੜਾ ਕੰਘਾ ਅਤੇ ਕਿਰਪਾਨ ਬਾਰੇ ਸਾਰੇ ਸਹਿਮਤ ਹਨ ਕਿ ਇਹ ਹਰ ਅੰਮ੍ਰਿਤਧਾਰੀ ਨੂੰ ਪਹਿਨਣੇ ਚਾਹੀਦੇ ਹਨ। ਕੇਸ ਤਾਂ ਗੁਰੂ-ਕੀ-ਮੋਹਰ ਹੋਣ ਦੇ ਨਾਤੇ ਹਰ ਅੰਮ੍ਰਿਤਧਾਰੀ ਦੇ ਸੀਸ ਉਤੇ ਹੋਣੇ ਲਾਜ਼ਮੀ ਹਨ। ਇਹ ਤਾਂ ਸਰੀਰ ਤੋਂ ਆਪਣੇ ਆਪ ਅਲੱਗ ਹੋਣੇ ਰਹੇ। ਇਸ ਲਈ ਏਨ੍ਹਾਂ ਨੂੰ ਬਾਕੀ ਕਕਾਰਾਂ ਦੀ ਤਰ੍ਹਾਂ ਪਹਿਨਣ ਦਾ ਸਵਾਲ ਹੀ ਨਹੀਂ ਉਠਦਾ। ਸਵਾਲ ਤਾਂ ਇਨ੍ਹਾਂ ਕੇਸਾਂ ਦੀ ਸੰਭਾਲ ਦਾ ਹੈ। ਸੰਭਾਲ ਦੀ ਗੁਰ-ਦਰਸਾਈ ਮਰਯਾਦਾ ਅਨੁਸਾਰ-ਦੋ ਦਫ਼ਾ ਕੰਘਾ ਅਤੇ ਚੁਣ ਕੇ ਪੱਗ।

ਬਹੁਤ ਸਾਰੀ ਸਿੱਖੀ ਮਰਯਾਦਾ ਸੀਨਾ-ਬਸੀਨਾ ਹੀ ਚਲੀ ਆਈ ਭਾਸਦੀ ਹੈ। ਕੋਈ ੬੦-੭੦ ਬਰਸ ਪਹਿਲੋਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਕੇਸਕੀ ਸਜਵਾ ਕੇ ਹੀ ਬੀਬੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ ਕਰਦੇ ਸਨ। ਭੁਝੰਗਣ ਆਸ਼ਰਮ ਕੈਰੋਂ ਵਿਚ ਸਭ ਵਿਦਿਆਰਥਣਾਂ ਦੇ ਸਿਰਾਂ ਉਤੇ ਕੇਸਕੀ ਹੋਇਆ ਕਰਦੀ ਸੀ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕੇਸਕੀ ਪੁਰਾਤਨ ਗੁਰਸਿਖੀ ਰਹੁਰੀਤ ਦਾ ਇਕ ਪੱਕਾ ਅੰਗ ਸੀ ਅਤੇ ਪੰਜਵਾਂ ਕਕਾਰ ਸੀ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਸਿਖ ਅਰਾਮ-ਤਲਬ ਹੁੰਦੇ ਹੁੰਦੇ, ਮਾਇਆ ਵਿਚ ਖੁਭ ਕੇ ਫੈਸ਼ਨ-ਪ੍ਰਸਤ ਹੋ ਗਏ, ਤਿਉਂ ਤਿਉਂ ਹੀ ਕੇਸਕੀ ਅੱਖਾਂ ਤੋਂ ਓਹਲੇ ਹੁੰਦੀ ਗਈ। ਹਾਲਤ ਏਥੋਂ ਤੱਕ ਵਿਗੜੀ ਕਿ ਪੰਥ ਦੀ ਵਾਗ-ਡੋਰ ਆਰਾਮ-ਤਲਬ ਸਿੱਖਾਂ ਦੇ ਹੱਥ ਆਉਣ ਕਰਕੇ, ਇਹਨਾਂ ਨੇ ਪੰਥ ਦੀ ਰਹਿਤ ਮਰਯਾਦਾ ਦੇ ਖਰੜੇ ਵਿਚ ਹੀ ਲਿਖ ਦਿਤਾ ਕਿ ਸਿਖ ਇਸਤ੍ਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ, ਰਹਿਤ ਮਰਯਾਦਾ ਵਿਚ ਛੋਟ ਦਿਤੀ ਗਈ। ਮਨ-ਮਰਜ਼ੀ ਦੀ ਰਹਿਤ ਦਾ ਅਰੰਭ ਹੋ ਗਿਆ। ਆਪਣੇ ਘਰ ਆਪੇ ਸੰਨ੍ਹ ਲਵਾ ਲਈ। ਫਿਰ ਬਚਣਾ ਕੀ ਸੀ। ਸਿੱਖੀ ਦਾ ਜੋ ਹਸ਼ਰ ਹੋਇਆ, ਅਸੀਂ ਸਭ ਦੇਖ ਰਹੇ ਹਾਂ। ਇਸ ਨਾਲ ਗੁਰਸਿੱਖੀ ਰਹਿਤ ਰਹਿਣੀ ਤੋਂ ਸਾਡੀ ਵਿੱਥ ਪੈ ਗਈ। ਸਾਡੇ ਵਿਚ ਢਿਲਿਆਈ ਸ਼ੁਰੂ ਹੋ ਗਈ। ਨਤੀਜਾ ਇਹ ਹੋਇਆ ਕਿ ਬੀਬੀਆਂ ਨੇ ਅਨਮਤੀਆਂ ਦੀ ਕੁ-ਰੀਸੇ ਗੁਰੂ ਦੀ ਮੋਹਰ ਦਾ ਅਦਬ ਇਕ ਪਾਸੇ ਰੱਖ ਦਿੱਤਾ ਅਤੇ ਇਸ ਪਾਵਨ ਮੋਹਰ ਨੂੰ ਫੈਸ਼ਨ ਦਾ ਵਸੀਲਾ ਬਣਾ ਲਿਆ।

ਜੇ ਅੱਜ ਕਿਸੇ ਬੀਬੀ ਦਾ ਦਸਤਾਰ ਸਜਾਉਣ ਵੱਲ



www.AKJ.Org

ਧਿਆਨ ਕਰਾਉਣ ਦੀ ਕੋਸ਼ਿਸ਼ ਕਰੀਏ ਤਾਂ ਤੁਰੰਤ ਜਵਾਬ ਮਿਲਦਾ ਹੈ ਕਿ ਦਸਤਾਰ ਆਦਮੀਆਂ ਦਾ ਪਹਿਰਾਵਾ ਹੈ, ਤੀਵੀਆਂ ਦਾ ਨਹੀਂ। ਇਸ ਵਿਚਾਰ ਨਾਲ ਬਹੁਤ ਸਾਰੇ ਮਰਦ ਭੀ ਸਹਿਮਤ ਹਨ। ਸਾਡੀ ਵਿਕਾਰ-ਦ੍ਰਿਸ਼ਟੀ ਦੀ ਤਸੱਲੀ ਲਈ, ਬੀਬੀਆਂ ਆਦਮੀਆਂ ਵਰਗੀਆਂ ਬੁਸ਼-ਸ਼ਰਟਾਂ ਪਹਿਨ ਸਕਦੀਆਂ ਹਨ, ਆਦਮੀਆਂ ਵਰਗੀਆਂ ਪੈਂਟਾਂ ਪਹਿਨ ਸਕਦੀਆਂ ਹਨ, ਆਦਮੀਆਂ ਵਰਗੇ ਪਜਾਮੇ ਪਹਿਨ ਸਕਦੀਆਂ ਹਨ ਅਤੇ ਆਦਮੀਆਂ ਵਰਗੀਆਂ ਹਜਾਮਤਾਂ ਭੀ ਕਰਵਾ ਸਕਦੀਆਂ ਹਨ। ਐਸੇ ਫੈਸ਼ਨ ਤੇ ਮਰਦਾਨਾ ਲਿਬਾਸ ਵਿਚ ਫਿਰਦੀਆਂ ਹੋਈਆਂ ਬੱਚੀਆਂ ਸਾਨੂੰ ਬ-ਖ਼ੁਸ਼ੀ ਪ੍ਰਵਾਨ ਹਨ, ਜੇ ਕੇਸਕੀ ਸਜਾਉਣ ਦਾ ਨਾਮ ਲਿਆ ਜਾਏ ਤਾਂ ਸਾਨੂੰ ਸਿੱਧੀ ਗੋਲੀ ਵੱਜਦੀ ਹੈ। ਵਜੇ ਕਿਉਂ ਨਾ ?-

ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ।। (੬੪੬)

ਅਸੀਂ ਕੇਸਕੀ ਨਾ ਸਜਾਉਣ ਦੇ ਬਹਾਨੇ ਢੂੰਡਦੇ ਹਾਂ ਅਤੇ ਪੁੱਛਦੇ ਹਾਂ ਕਿ ਦੱਸੋ ਇਤਿਹਾਸ ਵਿਚ ਕਿੱਥੇ ਲਿਖਿਆ ਹੈ ਕਿ ਕੇਸਕੀ ਸਜਾਓ ?

ਜੇ ਕੋਈ ਸਾਡਾ ਧਿਆਨ *"ਸਾਬਤ ਸੂਰਤਿ ਦਸਤਾਰ ਸਿਰਾ"* ਵਾਲੇ ਗੁਰਵਾਕ ਵਲ ਲੈ ਜਾਏ ਤਾਂਹ ਅਸੀਂ ਝੱਟ ਹੀ ਕਹਿ ਦੇਂਦੇ ਹਾਂ ਕਿ "ਇਹ ਤੁਕ ਸਤਿਗੁਰਾਂ ਨੇ ਮੁਸਲਮਾਨਾਂ ਬਾਰੇ ਉਚਰੀ ਸੀ, ਸਾਡੇ ਬਾਰੇ ਨਹੀਂ। ਇਹ ਸਾਨੂੰ ਲਾਗੂ ਨਹੀਂ ਹੈ। ਜੇ ਇਹ ਭਾਵ ਮਨਜ਼ੂਰ ਕਰ ਲਿਆ ਜਾਏ ਤਾਂ ਸਾਨੂੰ ਸ਼ਾਇਦ ਗੁਰਬਾਣੀ ਵਿਚ ਦਰਸਾਇਆ ਹੋਇਆ ਕੋਈ ਹੁਕਮ ਭੀ ਲਾਗੂ ਨਾ ਹੋਵੇ। ਕਿਉਂਕਿ ਗੁਰੂ ਸਾਹਿਬਾਂ ਨੇ ਪੰਡਿਤਾਂ, ਮੁਸਲਮਾਨਾਂ, ਸਿੱਧਾਂ, ਜੋਗੀਆਂ, ਸੰਨਿਆਸੀਆਂ, ਮੁੱਲਾਂ ਮੌਲਵੀਆਂ ਆਦਿ ਨੂੰ ਹੀ ਸੰਬੋਧਨ ਕਰ ਕੇ ਸਿਖਸ਼ਾ ਦਿਤੀ ਹੈ। ਐਸਾ ਸੋਚਣਾ ਕਿ ਇਹ ਹੁਕਮ ਸਾਨੂੰ ਲਾਗੂ ਨਹੀਂ ਪਹਿਲੇ ਦਰਜੇ ਦੀ ਭ੍ਰਿਸ਼ਟ-ਖ਼ਿਆਲੀ ਹੈ। ਸੰਸਾਰ ਨੂੰ ਸਿਖਿਆ ਦੇਣ ਖ਼ਾਤਰ ਕਿਸੇ ਨਾ ਕਿਸੇ ਜੀਵ ਦੇ ਪਰਥਾਇ ਤਾਂ ਸਤਿਗੁਰਾਂ ਨੇ ਬਚਨ ਕਹਿਣਾ ਹੀ ਸੀ। ਐਸੀ ਸਿਖਿਆ ਸਾਰੇ ਸੰਸਾਰੀ ਜੀਵਾਂ ਲਈ ਸਾਂਝੀ ਹੁੰਦੀ ਹੈ। ਸ੍ਰੀ ਮੁਖਵਾਕ ਹੈ-

ਪਰਥਾਇ ਸਾਖੀ ਮਹਾ ਪੁਰਖ ਬੋਲਦੇ
ਸਾਝੀ ਸਗਲ ਜਹਾਨੈ।। (੬੪੭)

ਗੁਰਬਾਣੀ ਅੰਦਰ ਦਰਸਾਏ ਸਾਰੇ ਹੁਕਮ ਅਤੇ ਸਾਰੇ ਗੁਰ-ਬਚਨ ਭਾਵੇਂ ਕਿਸੇ ਦੀ ਸੋਧ ਸੋਧਾਈ ਲਈ ਕਹੇ ਹੋਣ, ਭਾਵੇਂ ਕਿਸੇ ਮੌਕੇ ਉੱਤੇ ਕਹੇ ਹੋਣ, ਇਹ ਸਾਰੇ ਹੀ ਸਭ ਸੰਸਾਰੀਆਂ ਨੂੰ ਲਾਗੂ ਹੁੰਦੇ ਹਨ। ਇਹ ਹੁਕਮ ਸਭ ਕੌਮਾਂ ਲਈ, ਸਭ ਜਾਤਾਂ ਲਈ, ਸਭ ਮਰਦਾਂ ਇਸਤ੍ਰੀਆਂ, ਬੱਚਿਆਂ ਅਤੇ ਬੁੱਢਿਆਂ ਲਈ, ਤੰਦਰੁਸਤਾਂ ਅਤੇ ਬੀਮਾਰਾਂ ਨੂੰ ਇਕ-ਬਰਾਬਰ ਲਾਗੂ ਹਨ। ਜਿਵੇਂ ਫ਼ੁਰਮਾਨ ਹੈ-

"ਝੂਠੁ ਨ ਬੋਲਿ ਪਾਡੇ ਸਚੁ ਕਹੀਐ।।" (੯੦੪)

ਇਹ ਗੁਰ-ਫ਼ੁਰਮਾਨ ਪੰਡਤ ਨੂੰ ਮੁਖ਼ਾਤਿਬ ਕਰ ਕੇ ਉਚਾਰਿਆ ਗਿਆ ਹੈ। ਪਰ ਝੂਠ-ਨਾ-ਬੋਲਣ ਅਤੇ ਸੱਚ-ਕਹਿਣ ਵਾਲਾ ਹੁਕਮ ਸਭ ਸੰਸਾਰੀਆਂ ਨੂੰ ਲਾਗੂ ਹੈ, ਨਾ ਕਿ ਕੇਵਲ ਪੰਡਤਾਂ ਨੂੰ ਹੀ।

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।। (੯੨੩)

ਭਾਵੇਂ ਗੁਰੂ ਅਮਰਦਾਸ ਜੀ ਨੇ ਸਿਖਾਂ ਨੂੰ ਕਹਿਆ ਕਿ *"ਮੇਰੇ ਪਿਛੋਂ ਨਿਰਬਾਣ ਕੀਰਤਨ ਕਰਿਓ।"* ਇਸ ਦਾ ਭਾਵ ਇਹ ਨਹੀਂ ਕਿ ਨਿਰਬਾਣ ਕੀਰਤਨ ਕੇਵਲ ਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਹੀ ਕਰਨਾ ਸੀ। ਸਗੋਂ ਇਸ ਦਾ ਲਾਗੂ ਹੋਣਾ ਸਾਰੇ ਸਿੱਖਾਂ ਦੇ ਚਲਾਣੇ ਨਾਲ ਸੰਬੰਧਤ ਹੈ। ਹਰ ਪ੍ਰਾਣੀ (ਮਰਦ, ਇਸਤ੍ਰੀ, ਬੱਚੇ ਅਤੇ ਬੁੱਢੇ) ਦੇ ਚਲਾਣੇ ਪਿਛੋਂ ਦਰਸਾਈ ਤੁਕ ਰਾਹੀਂ ਨਿਰਬਾਣ ਕੀਰਤਨ ਕਰਨ ਦਾ ਹੁਕਮ ਹੈ। ਸਤਿਗੁਰਾਂ ਨੂੰ ਐਸਾ ਹੀ ਭਾਉਂਦਾ ਹੈ। ਸਤਿਗੁਰਾਂ ਦੀ ਖ਼ੁਸ਼ੀ ਪ੍ਰਾਪਤ ਕਰਨ ਖ਼ਾਤਰ ਸਾਨੂੰ ਐਸਾ ਹੀ ਕਰਨਾ ਚਾਹੀਦਾ ਹੈ।

ਜੇ ਗੁਰੂ ਨਾਨਕ ਸਾਹਿਬ ਨੇ ਪੰਜਾ ਸਾਹਿਬ ਵਾਲੀ ਸਾਖੀ ਰਚ ਕੇ ਵਲੀ ਕੰਧਾਰੀ ਦਾ ਅਹੰਕਾਰ ਅਤੇ ਕ੍ਰੋਧ ਨਵਿਰਤ ਕੀਤਾ ਸੀ ਤਾਂ ਇਸ ਦਾ ਭਾਵ ਇਹ ਨਹੀਂ ਕਿ ਵਲੀ ਕੰਧਾਰੀ ਤੋਂ ਬਿਨਾਂ ਜਾਂ ਮੁਸਲਮਾਨਾਂ ਤੋਂ ਬਿਨਾਂ (ਵਲੀ ਕੰਧਾਰੀ ਮੁਸਲਮਾਨ ਪੀਰ ਸੀ) ਬਾਕੀ ਦੇ ਸਾਰੇ ਸੰਸਾਰੀ ਅਹੰਕਾਰ ਦੀ ਟੀਸੀ ਉੱਤੇ ਚੜ੍ਹੇ ਫਿਰਨ, ਅਤੇ ਰੱਜ ਰੱਜ ਕੇ ਕ੍ਰੋਧ ਕਰਨ। ਇਹ ਉਪਦੇਸ਼ ਸਾਰੇ ਜਹਾਨ ਦੇ ਮਰਦਾਂ ਅਤੇ ਇਸਤ੍ਰੀਆਂ ਲਈ ਸਾਂਝਾ ਹੈ। ਏਸੇ ਪ੍ਰਕਾਰ ਹੀ "ਸਾਬਤ ਸੂਰਤਿ ਦਸਤਾਰ ਸਿਰਾ" ਵਾਲਾ ਹੁਕਮ ਕੇਵਲ ਮੁਸਲਮਾਨਾਂ ਨੂੰ ਹੀ ਲਾਗੂ ਨਹੀਂ, ਸਗੋਂ ਹਰ ਔਰਤ, ਮਰਦ, ਬੱਚੇ ਤੇ ਬੁੱਢੇ ਨੂੰ ਲਾਗੂ ਹੈ।

ਗੁਰਬਾਣੀ ਵਿਚ ਆਏ ਹੁਕਮ ਸਭ ਨੂੰ ਬਰਾਬਰ ਲਾਗੂ ਹਨ। ਗੁਰਬਾਣੀ ਵਿਚ ਕੱਥੀ ਹੋਈ ਸਚਿਆਈ ਉਤੇ ਹਰ ਸਿੱਖ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ। ਜੇ ਨਹੀਂ, ਤਾਂ ਉਹ ਸਿੱਖ ਹੀ ਨਹੀਂ। ਸਾਨੂੰ ਯਕੀਨ ਦਿਵਾਉਣ ਲਈ ਫ਼ੁਰਮਾ ਰਹੇ ਹਨ-

ਸਚ ਕੀ ਬਾਣੀ ਨਾਨਕੁ ਆਖੈ.........(੭੨੩)
ਸਤਿਗੁਰ ਕੀ ਬਾਣੀ,
ਸਤਿ ਸਤਿ ਕਰਿ ਜਾਣਹੁ ਗੁਰਸਿਖਹੁ.......(੩੦੮)

ਤਾਂ ਤੇ ਸਾਨੂੰ ਜ਼ਰੂਰ ਹੀ ਗੁਰਬਾਣੀ ਉੱਤੇ ਪੂਰਨ


www.AKJ.Org

ਵਿਸ਼ਵਾਸ਼ ਕਰਨਾ ਚਾਹੀਦਾ ਹੈ।

"ਸਾਬਤ ਸੂਰਤਿ ਦਸਤਾਰ ਸਿਰਾ" ਹੁਕਮ ਰਾਹੀਂ ਸਤਿਗੁਰੂ ਸਾਨੂੰ ਕਹਿ ਰਹੇ ਹਨ ਕਿ *"ਹੇ ਸਿੱਖੋ, ਆਪਣੀ ਸੂਰਤਿ ਨੂੰ ਸਾਬਤ ਰੱਖੋ- ਨੱਕ ਕੰਨ ਨ ਵਿਨ੍ਹਾਓ। ਸੁੰਨਤ ਨਾ ਕਰੋ, ਮੁੰਨਤ ਨਾ ਕਰੋ। ਕੇਸਾਂ ਸਮੇਤ ਸੂਰਤ ਨੂੰ ਸਾਬਤ ਰੱਖੋ, ਅਤੇ ਇਸ ਸਾਬਤ ਸੂਰਤਿ ਵਾਲੇ ਸਰੀਰ ਦੇ ਸਿਰ ਉਤੇ ਦਸਤਾਰ ਸਜਾ ਕੇ ਗੁਰੂ ਦੀ ਭੈ-ਭਾਵਨੀ ਅਤੇ ਪ੍ਰੇਮ ਸਹਿਤ ਸੰਭਾਲ ਕਰੋ। ਇਸ ਪ੍ਰਕਾਰ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋਂ।'*

ਅਸੀਂ ਤਾਹੀਓ ਹੀ ਸਿਖ ਕਹਿਲਾਉਣ ਦੇ ਹੱਕਦਾਰ ਹਾਂ, ਜੇ ਅਸੀਂ ਸਤਿਗੁਰਾਂ ਦੇ ਹੁਕਮ ਸਿਰ ਮੱਥੇ ਤੇ ਮੰਨੀਏ। ਆਪਣੀ ਮਨ-ਮਰਜ਼ੀ ਦਾ ਭਾਣਾ ਛੋੜ ਕੇ ਗੁਰੂ ਦੇ ਭਾਣੇ ਵਿਚ ਹੋ ਤੁਰੀਏ। ਇਹ ਗੱਲ ਗਰੀਬ-ਨਿਵਾਜ ਖ਼ੁਦ ਫ਼ੁਰਮਾ ਰਹੇ ਹਨ-

"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ
ਗੁਰ ਕੇ ਭਾਣੇ ਵਿਚਿ ਆਵੈ।।"

ਜੇ ਅਸੀਂ ਆਪਣੀ ਮਨ ਮਰਜ਼ੀ ਹੀ ਕਰਦੇ ਰਹੇ ਤਾਂ-

"ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।" (੬੦੧)

ਆਪਣੇ ਭਾਣੇ ਵਿਚ ਚੱਲਣ ਦਾ ਨਤੀਜਾ ਬੜਾ ਭਿਅੰਕਰ ਹੈ। ਜੇ ਅਸੀਂ ਦੂਸਰਿਆਂ ਦਾ ਮੱਥਾ ਡੰਮ੍ਹਣ ਲਈ ਥੋੜੀ ਬਹੁਤ ਧਾਰਮਕ ਰਹਿਤ ਮਰਯਾਦਾ ਰੱਖੀ ਹੀ ਫਿਰੀਏ, ਅਤੇ ਮਨ-ਆਈਆਂ ਭੀ ਨਾ ਛੱਡੀਏ ਤਾਂ ਗੱਲ ਨਹੀਂ ਬਣਨੀ ਅਤੇ ਸਾਡਾ ਇਸ ਪ੍ਰਕਾਰ ਵਾਲਾ ਅਧੂਰਾ ਠੀਹੇ-ਠੱਪੇ ਵਾਲਾ ਧਾਰਮਿਕ ਸ਼ਿੰਗਾਰ ਬਿਰਥਾ ਹੀ ਜਾਏਗਾ। ਯਥਾ ਗੁਰਵਾਕ-

ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ
ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ।। (੮੩੬)

ਤਾਂ ਤੇ ਸਾਡਾ ਬਚਾਉ ਗੁਰੂ ਨੂੰ ਭਾਉਂਦਾ ਸ਼ਿੰਗਾਰ ਕਰਨ ਵਿਚ ਹੀ ਹੈ। ਆਪਣੀ ਸੂਰਤਿ ਭੀ (ਕੇਸਾਂ ਸਮੇਤ) ਸਾਬਤ ਰਖੀਏ ਅਤੇ ਸੀਸ ਉੱਤੇ ਦਸਤਾਰ ਭੀ ਸਜਾਈਏ। ਇਸ ਹੁਕਮ ਤੋਂ ਇਹ ਗੱਲ ਪੱਕੀ ਦ੍ਰਿੜ੍ਹ ਹੋ ਗਈ ਹੈ ਕਿ ਕੇਸਾਂ ਅਤੇ ਦਸਤਾਰ ਦਾ ਧੁਰ-ਧੁਰੰਦਰੀ ਰੱਬ ਦੀ ਖ਼ੁਸ਼ੀ ਅੰਦਰ ਜੋੜ ਹੈ। ਕੇਸਾਂ ਤੋਂ ਬਿਨਾਂ ਸੂਰਤਿ ਸਾਬਤ ਨਹੀਂ ਹੋ ਸਕਦੀ। ਇਸ ਲਈ ਸਾਬਤ ਸੂਰਤਿ ਦਾ ਇਸ਼ਾਰਾ ਸਾਬਤ ਕੇਸਾਂ ਵੱਲ ਹੈ। ਵਾਹਿਗੁਰੂ !

ਕੇਸਨ ਨਰ ਧਾਰੇ ਹੈ ਜਬ ਹੀ।
ਪੂਰਨ ਰੂਪ ਹੋਇ ਹੈ ਤਬ ਹੀ।

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਕੇਸਾਂ ਤੋਂ ਬਿਨਾਂ ਸੂਰਤਿ ਸਾਬਤ ਨਹੀਂ ਹੋ ਸਕਦੀ, ਅਤੇ ਦਸਤਾਰ ਤੋਂ ਬਿਨਾਂ ਕੇਸ ਸੰਭਾਲੇ ਨਹੀਂ ਜਾ ਸਕਦੇ। ਸਤਿਗੁਰੂ ਸਚੇ ਪਾਤਿਸ਼ਾਹ ਰੱਬੀ ਦਰਗਾਹ ਦਾ ਇਕ ਹੋਰ ਭੇਦ ਸਾਨੂੰ ਦਸਦੇ ਹਨ ਕਿ-

"ਸੋਹਣੇ ਨਕ ਜਿਨ ਲੰਮੜੇ ਵਾਲਾ।।" (੫੬੭)

ਸੋਹਣੇ ਨੱਕ ਦਾ ਭਾਵ ਹੈ ਪਤਿ, ਆਬਰੂ, ਇੱਜ਼ਤ, ਜਿਹੜੀ ਹਰਿ ਦਰਗਾਹ ਮਿਲਦੀ ਹੈ। *"ਜਿਨ ਲੰਮੜੇ ਵਾਲਾ"* ਦਾ ਭਾਵ ਹੈ ਜਿਨ੍ਹਾਂ ਦੇ ਸੀਸ ਉੱਤੇ ਸਾਬਤ ਕੇਸ ਹਨ (ਅਤੇ ਗੁਰ-ਦੀਖਿਅਤ ਹਨ)। ਸਮੁੱਚਾ ਭਾਵ ਇਹ ਹੈ ਕਿ ਜਿਨ੍ਹਾਂ ਦੇ ਸੀਸ ਉੱਤੇ ਸਾਬਤ ਕੇਸ ਹਨ ਉਨ੍ਹਾਂ ਨੂੰ ਰੱਬ ਦੀ ਦਰਗਾਹ ਵਿਚ ਮਾਣੁ ਪ੍ਰਾਪਤ ਹੁੰਦਾ ਹੈ। ਤਾਂ ਤੇ ਸਾਬਤ ਕੇਸ (ਗੁਰ-ਦੀਖਿਅਤ ਹੋ ਕੇ), ਜਿਹੜੇ ਰੱਬ ਦੀ ਦਰਗਾਹ ਵਿਚ ਸਾਡੇ ਲਈ ਮਾਣ ਅਤੇ ਪਤਿ ਪ੍ਰਾਪਤ ਕਰਨ ਦਾ ਵਸੀਲਾ ਬਣਨਹਾਰੇ ਹਨ, ਸਾਨੂੰ ਸਤਿਕਾਰ ਸਹਿਤ ਦਸਤਾਰ ਸਜਾ ਕੇ ਸੰਭਾਲਣੇ ਚਾਹੀਦੇ ਹਨ। ਇਨ੍ਹਾਂ ਨੂੰ ਬੇ-ਸੰਭਾਲੇ ਰੁਲਣ ਨਹੀਂ ਦੇਣਾ ਚਾਹੀਦਾ। ਜੇ ਅਸੀਂ ਇਨ੍ਹਾਂ ਨੂੰ ਰੋਲਿਆ ਤਾਂ ਇਹ ਸਾਨੂੰ ਰੋਲਣਗੇ।

ਪਿੰਡਾਂ ਵਿਚ ਅੱਜ ਤੋਂ ਕੋਈ ਪੰਜਾਹ ਕੁ ਸਾਲ ਪਹਿਲੋਂ ਤਕ ਤਕਰੀਬਨ ੯੦ ਫ਼ੀ ਸਦੀ ਹਿੰਦੂ ਅਤੇ ਮੁਸਲਮਾਨ ਮਰਦ ਸਿਰਾਂ ਉਤੇ ਪੱਗ ਬੰਨ੍ਹਿਆ ਕਰਦੇ ਸਨ। ਨੰਗਾ ਸਿਰ ਰੱਖਣ ਦਾ ਜਾਂ ਟੋਪੀ ਪਹਿਨਣ ਦਾ ਰਿਵਾਜ ਚੱਲੇ ਨੂੰ ਥੋੜੀ ਦੇਰ ਹੀ ਹੋਈ ਹੈ। ਗੁਰੂ ਸਾਹਿਬਾਂ ਦੇ ਵੇਲੇ ਤਾਂ ਤਕਰੀਬਨ ਸਾਰੇ ਦੇ ਸਾਰੇ ਹੀ ਮਰਦ ਦਸਤਾਰਾਂ ਪਹਿਨਦੇ ਹੋਣਗੇ। ਜੇ ਇਹੋ ਜਿਹੇ ਸਮੇਂ ਵਿਚ ਜਦੋਂ ਕਿ ਹਰ ਪਾਸੇ ਮਰਦਾਂ ਦੇ ਸਿਰਾਂ ਉੱਤੇ ਦਸਤਾਰਾਂ ਹੀ ਦਸਤਾਰਾਂ ਨਜ਼ਰ ਆਉਂਦੀਆਂ ਹੋਣ ਅਤੇ ਗੁਰੂ ਸਾਹਿਬਾਂ ਨੇ ਸਾਬਤ ਸੂਰਤਿ ਦੇ ਸੀਸ ਨੂੰ ਦਸਤਾਰ ਨਾਲ ਸਸ਼ੋਭਤ ਕਰਨ ਦਾ ਹੁਕਮ ਦਿਤਾ ਹੋਵੇ ਤਾਂ ਸਾਨੂੰ ਮੰਨਣਾ ਪਵੇਗਾ ਕਿ ਰੱਬੀ ਰਜ਼ਾ ਵਿਚ ਗੁਰ-ਦੀਖਿਅਤ ਸਾਬਤ ਸੂਰਤਾਂ ਦੇ ਸੀਸ ਉਤੇ ਦਸਤਾਰ ਸਜਾਉਣ ਦਾ ਹੁਕਮ ਦੇ ਕੇ, ਇਸਤ੍ਰੀਆਂ ਨੂੰ ਭੀ ਇਸ ਦਸਤਾਰੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ ਹੈ। ਮਰਦ ਤਾਂ ਸਾਰੇ ਵੈਸੇ ਹੀ ਦਸਤਾਰਾਂ ਬੰਨ੍ਹਦੇ ਸਨ। ਉਹਨਾਂ ਨੂੰ ਦਸਤਾਰ ਬੰਨ੍ਹਣ ਲਈ ਹੋਰ ਕਹਿਣ ਦੀ ਕੀ ਲੋੜ ਸੀ ? ਇਹ ਹੁਕਮ ਗੁਰ-ਦੀਖਿਅਤ ਬੀਬੀਆਂ ਨੂੰ ਦਸਤਾਰੀ ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਰੱਬੋਂ ਜਾਰੀ ਹੋਇਆ ਹੈ ਅਤੇ ਮਰਦਾਂ ਲਈ ਦੁਹਰਾਇਆ ਗਿਆ ਹੈ-ਦੋਹਾਂ ਲਈ ਸਾਂਝਾ ਹੈ।

ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਲਈ ਹੋਰ ਕਿਹੜੇ


www.AKJ.Org

ਸਬੂਤ ਦੀ ਲੋੜ ਬਾਕੀ ਰਹਿ ਗਈ ਹੈ, ਜਿਸ ਦੀ ਕਿ ਅਸੀਂ ਇਤਿਹਾਸ ਵਿਚ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ ? ਜੋ ਸਾਨੂੰ ਗੁਰਬਾਣੀ ਵਿਚ ਦਰਸਾਏ ਉਪਦੇਸ਼ਾਂ ਉੱਤੇ ਵਿਸ਼ਵਾਸ ਨਹੀਂ ਤਾਂ ਇਤਿਹਾਸ ਕਿਸ ਦਾ ਪਾਣੀਹਾਰ ਹੈ ? ਬਾਣੀ ਤਾਂ ਪੂਰੇ ਗੁਰੂ ਨੇ ਆਪਣੀ ਨਿਗਰਾਨੀ ਹੇਠ ਲਿਖਵਾਈ ਹੈ ਅਤੇ ਇਤਿਹਾਸ ਅਲਪੱਗ ਜੀਵਾਂ ਨੇ ਲਿਖਿਆ ਹੈ। ਗੁਰੂ ਸਾਹਿਬਾਂ ਨੇ ਸਿੱਖਾਂ ਪ੍ਰਤੀ ਹੁਕਮ ਦਿੱਤਾ ਹੈ ਕਿ ਦਿਹਾੜੀ ਵਿਚ ਦੋ ਦਫ਼ਾ ਕੰਘਾ ਕਰੋ ਅਤੇ ਚੁਣ ਕੇ ਪੱਗ ਬੰਨ੍ਹੋ।

ਮਰਦ ਅਤੇ ਇਸਤ੍ਰੀਆਂ, ਲਿੰਗ ਭੇਦ ਕਰਕੇ ਸਾਨੂੰ ਦੋ ਸ਼੍ਰੇਣੀਆਂ ਵਿਚ ਵੰਡੇ ਨਜ਼ਰ ਆਉਂਦੇ ਹਨ, ਇਹ ਫ਼ਰਕ ਕੇਵਲ ਸੰਸਾਰੀ ਰਚਨਾ ਜਾਰੀ ਰੱਖਣ ਲਈ ਰੱਬ ਨੇ ਬਣਾਇਆ ਹੈ। ਅਸਲ ਵਿਚ ਅਸੀਂ ਸਾਰੀਆਂ ਹੀ ਇਕੋ ਸ਼੍ਰੇਣੀ ਦੀਆਂ, ਇੱਕੋ ਕੰਤ ਦੀਆਂ ਸਖੀਆਂ ਹਾਂ-

"ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ
ਜੋ ਭਾਵੈ ਪਿਰ ਸਾ ਭਲੀ।।" (੫੦੭)

ਸਾਰੀਆਂ ਹੀ ਉਸ ਕੰਤ ਨੂੰ ਮਿਲਣ ਦੀਆਂ ਚਾਹਵਾਨ ਹਾਂ, ਤਾਹੀਓਂ ਹੀ ਸਤਿਗੁਰੂ ਜੀ ਨੇ ਸਭ ਗੁਰਸਿਖ ਸਖੀਆਂ ਲਈ ਇਕੋ ਹੀ ਰਹਿਤ ਮਰਯਾਦਾ ਦਾ ਹੁਕਮ ਦਿੱਤਾ ਹੈ-

ਸਾਬਤ ਸੂਰਤਿ ਦਸਤਾਰ ਸਿਰਾ।।

ਇਹ ਹੁਕਮ ਸਭ ਗੁਰਸਿਖ ਸਖੀਆਂ ਨੂੰ ਇਕੋ ਜਿਹਾ ਲਾਗੂ ਹੈ, ਤਾਂ ਫਿਰ ਫ਼ਰਕ ਫ਼ਰਕ ਰਹਿਤ ਕਿਸ ਵਾਸਤੇ ? ਸਾਡੇ ਕੰਤ ਨੂੰ ਸਭ ਸਖੀਆਂ ਦਾ ਇੱਕੋ ਜਿਹਾ ਹੀ ਰਹਤ-ਮਰਯਾਦਖੀ-ਬਾਣਾ ਭਾਉਂਦਾ ਹੈ ਅਤੇ ਅਸਾਂ ਸਖੀਆਂ ਲਈ ਹੁਕਮ ਹੈ ਕਿ

"ਹਰਿ ਭਾਵੈ ਤਿਤੁ ਰਾਹਿ ਚਲੀ।।"

ਹੋਰ ਹੁਣ ਸਾਨੂੰ ਕਿਸ ਗੱਲ ਦੀ ਇੰਤਜ਼ਾਰ ਹੈ। ਇਕੋ ਸ਼੍ਰੇਣੀ ਲਈ ਦੋ ਰਹਿਤਾਂ ਨਹੀਂ ਹੋ ਸਕਦੀਆਂ। ਦਸਤਾਰ ਤੋਂ ਬਿਨਾਂ ਗੁਰੂ ਕੀ ਮੋਹਰ ਦੀ ਸੰਭਾਲ ਨਹੀਂ ਹੋ ਸਕਦੀ । ਨੰਗੇ ਸਿਰ ਘੱਟਾ, ਮਿੱਟੀ, ਧੂੰਆਂ ਅਤੇ ਹੋਰ ਭਸ-ਖੇਹ ਪੈਂਦੀ ਹੀ ਰਹੇਗੀ। ਜੂਠੇ ਮਿਠੇ ਹੱਥ ਭੀ ਲਗਦੇ ਰਹਿਣਗੇ। ਇਹ ਗੁਰੂ ਕੀ ਮੋਹਰ ਦੀ ਬੇ-ਅਦਬੀ ਹੈ। ਗੁਰੂ ਨੂੰ ਆਪਣੀ ਮੋਹਰ ਦੀ ਬੇ-ਅਦਬੀ ਨਹੀਂ ਭਾਉਂਦੀ। ਤਾਂਹੀਓਂ ਹੀ ਉਨ੍ਹਾਂ ਨੇ ਆਪਣੀ ਮੋਹਰ ਦੀ ਸੰਭਾਲ ਵਾਸਤੇ ਖ਼ਾਸ ਨਸੀਹਤ ਕੀਤੀ ਹੈ ਅਤੇ ਦੋ ਸੇਵਾਦਾਰ ਇਸ ਮੋਹਰ ਦੀ ਦੇਖ ਭਾਲ ਲਈ ਮੁਕੱਰਰ ਕਰ ਦਿੱਤੇ ਹਨ-ਕੰਘਾ ਅਤੇ ਦਸਤਾਰ। ਬਾਕੀ ਕਕਾਰਾਂ ਦੀ ਸੰਭਾਲ ਵਾਸਤੇ ਕੁਝ ਨਹੀਂ ਕਿਹਾ। ਉਨ੍ਹਾਂ ਬਾਰੇ ਕੇਵਲ ਪਹਿਰਨ ਦਾ ਹੀ ਹੁਕਮ ਦਿਤਾ ਹੈ। ਕੰਘਾ ਅਤੇ ਦਸਤਾਰ ਤੋਂ ਬਿਨਾਂ ਗੁਰੂ ਕੀ ਮੋਹਰ ਦੀ ਸੰਭਾਲ ਹੀ ਨਹੀਂ ਹੋ ਸਕਦੀ।

ਜੇ ਕੋਈ ਭੀ ਸਖੀ ਅੰਮ੍ਰਿਤ ਪਾਨ ਕਰਨ ਪਿਛੋਂ ਨੰਗੇ ਸਿਰ ਪਈ ਫਿਰੇ ਤਾਂ ਸਮਝ ਲਉ ਕਿ ਉਹ ਸਤਿਗੁਰਾਂ ਦੇ ਬਚਨ (ਹੁਕਮ) ਤੋਂ ਮੂੰਹ ਫੇਰ ਗਈ ਹੈ ਅਤੇ ਮਨ ਦੀ ਮਰਜ਼ੀ ਦੇ ਪਿੱਛੇ ਲਗ ਤੁਰੀ ਹੈ। ਇਸ ਦਾ ਨਤੀਜਾ ਕੀ ਹੋਵੇਗਾ-

ਸਤਿਗੁਰ ਤੇ ਜੋ ਮੁਹੁ ਫੇਰੇ
ਓਇ ਭ੍ਰਮਦੇ ਨਾ ਟਿਕੰਨਿ।।
ਧਰਤਿ ਅਸਮਾਨੁ ਨ ਝਲਈ
ਵਿਚਿ ਵਿਸਟਾ ਪਏ ਪਚੰਨਿ।।

(ਗਉੜੀ ਬੈਰਾਗਣਿ ਮ: ੩, ਪੰਨਾ ੨੩੩)

ਇਸ ਵਿਚ ਕੋਈ ਸ਼ੰਕਾਂ ਨਹੀਂ ਰਹਿਆ ਕਿ ਅੰਮ੍ਰਿਤਧਾਰੀ ਪ੍ਰਾਣੀਆਂ ਲਈ ਦਸਤਾਰ ਦਾ ਸਜਾਉਣਾ ਅਤਿ ਜ਼ਰੂਰੀ ਹੈ। ਦਸਤਾਰ-ਸਜੀਲੀ ਪੱਕੀ ਰਹਿਤ-ਮਰਯਾਦਾ ਤਾਂ ਹੀ ਪੂਰੀ ਤਰ੍ਹਾਂ ਨਿਭ ਸਕਦੀ ਹੈ ਜੇ ਦਸਤਾਰ ਨੂੰ ਕੇਸਕੀ ਦੇ ਨਾਮ ਨਾਲ ਪੰਜਵਾਂ ਕਕਾਰ ਪ੍ਰਵਾਨ ਕਰ ਲਿਆ ਜਾਏ। ਕੇਸ ਤਾਂ ਗੁਰੂ ਦੀ ਮੋਹਰ ਹੈ ਹੀ। ਕੇਸਾਂ ਦੀ ਭੈ-ਭਾਵਨੀ ਵਾਲੀ ਗੁਰ-ਦਰਸਾਈ ਸੰਭਾਲ ਦੀ ਲੋੜ ਹੈ। ਕੇਸਾਂ ਨੂੰ ਗੁਰੂ ਕੀ ਮੋਹਰ ਹੀ ਸਮਝੀਏ, ਕਕਾਰ ਨਾ ਸਮਝੀਏ। ਕਕਾਰ ਸਮਝੀਏ ਕੇਸਕੀ (ਦਸਤਾਰ) ਨੂੰ, ਜਿਸ ਨੇ ਮੋਹਰ ਦੀ ਅਦਬ-ਭਰੀ ਸੰਭਾਲ ਕਰਨੀ ਹੈ। ਕੇਸਕੀ ਤੋਂ ਬਿਨਾਂ ਮੋਹਰ ਰੁਲ ਜਾਏਗੀ ਅਤੇ ਮੋਹਰ ਵਾਲੇ ਦੀਆਂ ਖ਼ੁਸ਼ੀਆਂ ਪ੍ਰਾਪਤ ਨਹੀਂ ਹੋਣਗੀਆਂ।

ਜਿਵੇਂ ਸਰਕਾਰੀ ਦਫ਼ਤਰਾਂ ਵਿਚ ਸਰਕਾਰੀ ਮੋਹਰ ਨੂੰ ਰਸਾਈ ਹੈ ਤਿਵੇਂ ਹੀ ਰੱਬੀ ਦਰਗਾਹ ਵਿਚ ਗੁਰੂ ਕੀ ਮੋਹਰ ਨੂੰ ਪ੍ਰਵਾਨਗੀ ਹੈ। ਇਹ ਧੁਰ ਕੀ ਛਾਪ ਹੈ। ਤਾਂ ਤੇ ਕੇਸਾਂ ਨੂੰ ਕਕਾਰਾਂ ਦੀ ਸ਼੍ਰੇਣੀ ਤੋਂ ਇਕ ਵਿਲੱਖਣ ਦਰਜੇ ਉੱਤੇ ਪਰਵਾਨਿਆ ਜਾਣਾ ਚਾਹੀਦਾ ਹੈ। ਅਤੇ ਕੇਸਕੀ ਨੂੰ, ਜੋ ਇਸ ਇਲਾਹੀ ਮੋਹਰ ਦੀ ਸੰਭਾਲ ਕਰਦੀ ਹੈ, ਪੰਜਵਾਂ ਕਕਾਰ ਗਰਦਾਨਿਆ ਜਾਣਾ ਲਾਜ਼ਮੀ ਹੈ। ਪੁਰਾਤਨ ਮਰਯਾਦਾ ਭੀ ਐਸੀ ਹੀ ਪ੍ਰਾਪਤ ਹੁੰਦੀ ਹੈ।

ਅੰਮ੍ਰਿਤ ਛਕਣ ਸਮੇਂ ਜਦ ਆਪਣਾ ਸੀਸ ਹੀ ਗੁਰੂ ਨੂੰ ਭੇਟ ਕਰ ਦਿਤਾ ਤਾਂ ਗੁਰੂ ਦੀ ਜੋ ਮਰਜ਼ੀ ਹੈ, ਇਸ ਸੀਸ ਨੂੰ ਕਰੇ। ਸਾਨੂੰ ਇਸ ਬਾਰੇ ਕੋਈ ਉਜ਼ਰ ਕਿਉਂ ਹੋਏ ? ਜਦ ਸੀਸ ਹੀ ਆਪਣਾ ਨਹੀਂ, ਗੁਰੂ ਕਾ ਹੈ, ਤਾਂ ਗੁਰ-ਆਸ਼ੇ ਅਨੁਸਾਰ ਇਸ ਉੱਤੇ ਕੇਸਕੀ ਸਜਾਉਣ ਦੀ ਸਾਨੂੰ ਕਾਹਦੀ ਹਿਚਕਚਾਹਟ ਹੈ ? ਜੇ ਹਿਚਕਚਾਹਟ ਹੈ ਤਾਂ ਪੱਥਰ ਤੇ ਲੀਕ ਸਮਝੋ ਕਿ ਅਸੀਂ ਅੰਮ੍ਰਿਤ ਛਕਣ ਵੇਲੇ ਗੁਰੂ ਨੂੰ ਆਪਣਾ ਸੀਸ ਭੇਟ ਨਹੀਂ ਕੀਤਾ। ਉਸ ਵੇਲੇ ਸੀਸ ਭੇਟ ਕਰਨ ਦਾ ਝੂਠ ਬੋਲਿਆ ਹੈ।

ਵਾਧ ਘਾਟ ਵੱਲੋਂ ਸੰਗਤ ਪਾਸੋਂ ਖਿਮਾ ਦਾ ਜਾਚਕ ਹਾਂ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ।



www.AKJ.Org

# ਸੇਵਾ ਸਾਧਨਾ

ਭਾਈ ਗੁਰਦਾਸ ਜੀ *'ਗੁਰ ਸੇਵਾ'* ਦੀ ਗੱਲ ਕਰਦੇ ਹਨ *"ਗੁਰੂ ਸੇਵਾ ਫਲੁ ਸਫਲੁ ਫਲੰਦੇ"*। ਗੁਰੂ ਸੇਵਾ ਦਾ ਅਰਥ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਨਹੀਂ ਬਲਕਿ ਉਹ ਸੇਵਾ ਵੀ ਹੈ ਜਿਸ ਨਾਲ ਗੁਰੂ ਜੀ ਖੁਸ਼ ਹੁੰਦੇ ਹਨ। ਇਸ ਲਈ ਗੁਰ ਸੇਵਾ ਵਿਚ ਗੁਰਦੁਆਰਿਆਂ ਦੀ ਸੇਵਾ, ਗੁਰ ਸਥਾਨਾਂ ਦੀ ਸੇਵਾ, ਗੁਰ ਸਿਖ ਦੀ ਸੇਵਾ, ਸਿਖਾਂ ਦੇ ਚਲਾਏ ਸਕੂਲ ਕਾਲਜ, ਹਸਪਤਾਲ, ਆਸ਼ਰਮ, ਲਾਇਬਰੇਰੀ, ਆਦਿ ਦੀ ਸੇਵਾ, ਤੇ ਆਮ ਜਨਤਾ ਦੀ ਸੇਵਾ ਸ਼ਾਮਲ ਹੈ।

ਬੀਮਾਰ ਦੀ, ਦੀਨ ਦੀ,ਅ-ਸਹਾਏ ਦੀ, ਗਰੀਬ ਦੀ, ਕਮਜ਼ੋਰ ਦੀ ਸੇਵਾ, ਗੁਰੂ ਦੀ ਸੇਵਾ ਹੀ ਹੈ। ਸਿਖ ਪੰਥ ਦੀ ਸੇਵਾ ਪ੍ਰਮੁਖ ਹੈ ਪਰ ਪੰਥ ਤੋਂ ਬਾਹਰ ਦੀ ਸੇਵਾ ਵੀ ਸਫਲ ਹੈ। ਹਰ ਪ੍ਰਕਾਰ ਦੀ ਸੇਵਾ ਮਨੁਖ ਨੂੰ ਰਬ ਦੇ ਨੇੜੇ ਲਿਆਂਦੀ ਹੈ, ਉਸ ਨੂੰ ਰਬ ਦੀ ਨਜ਼ਦੀਕੀ ਪ੍ਰਦਾਨ ਕਰਦੀ ਹੈ-

ਵਿਚਿ ਦੁਨੀਆ ਸੇਵ ਕਮਾਈਐ।
ਤਾ ਦਰਗਹ ਬੈਸਣੁ ਪਾਈਐ। (ਪੰਨਾ ੨੬)

ਸਾਡੇ ਗੁਰੂਆਂ ਨੇ ਸਭ ਪ੍ਰਕਾਰ ਦੀਆਂ ਸੇਵਾਵਾਂ ਆਪਣੇ ਜੀਵਨ ਵਿਚ ਕਰਕੇ ਦਿਖਾਈਆਂ। ਗੁਰੂ ਨਾਨਕ ਦੇਵ ਜੀ ਨੇ *'ਸਤਿਗੁਰ'* ਦੀ ਸੇਵਾ ਕੀਤੀ ਉਸ ਦੇ ਹੁਕਮ ਨੂੰ ਲਖਾਂ ਲੋਕਾਂ ਤਕ ਪਹੁੰਚਾ ਕੇ। ਵਾਹਿਗੁਰੂ ਦੇ ਹੁਕਮ ਨੂੰ ਸਮਝਾਣ ਲਈ ਗੁਰੂ ਜੀ ਨੇ ਹਜ਼ਾਰਾਂ ਮੀਲਾਂ ਦੀ ਯਾਤਰਾ ਕੀਤੀ ਤੇ ਦੂਰ ਦੂਰ ਦੇ ਦੇਸ਼ਾਂ ਤਕ ਉਸ ਦਾ ਆਦੇਸ਼ ਪਹੁੰਚਾਇਆ। ਗੁਰੂ ਜੀ ਕਹਿੰਦੇ ਹਨ-

ਜਿਨਿ ਜਗਤੁ ਉਪਾਇਆ ਧੰਧੈ ਲਾਇਆ
ਤਿਸੈ ਵਿਟਹੁ ਕੁਰਬਾਣੁ ਜੀਉ।
ਤਾਕੀ ਸੇਵ ਕਰੀਜੈ ਲਾਹਾ ਲੀਜੈ
ਹਰਿ ਦਰਗਹ ਪਾਈਐ ਮਾਣੁ ਜੀਉ। (ਪੰਨਾ ੪੩੮)

'ਗੁਰੂ ਦੀ ਸੇਵਾ ਦਾ ਢੰਗ ਦੂਸਰੀ ਤੇ ਤੀਸਰੀ ਪਾਤਸ਼ਾਹੀ ਨੇ ਆਪ ਕਰਕੇ ਦਰਸਾਇਆ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਕੋਲੋਂ ੧੨ ਪ੍ਰਕਾਰ ਦੀਆਂ ਪ੍ਰੀਖਿਆਵਾਂ ਸੇਵਾ ਦੇ ਰੂਪ ਵਿਚ ਲਿਤੀਆਂ। ਗੁਰੂ ਜੀ ਨੇ ਜੋ ਵੀ ਹੁਕਮ ਦਿਤਾ(ਮੁਰਦਾ ਸਰੀਰ ਖਾਣ ਤਕ ਦਾ), ਭਾਈ ਜੀ ਨੇ ਉਸ ਨੂੰ ਬਿਨਾਂ ਕਿੰਤੂ ਕੀਤੇ ਤੁਰੰਤ ਮੰਨਿਆ। ਹੁਕਮ ਦੇ ਮੰਨਣ ਵਿਚ ਆਪਣੀ ਬੁਧੀ ਨੂੰ ਕਦੀ ਦਖਲ ਨਹੀਂ ਦੇਣ ਦਿਤਾ।

ਤੀਸਰੀ ਪਾਤਸ਼ਾਹੀ ਨੇ ਬਿਰਧ ਅਵਸਥਾ ਵਿਚ ਖੰਡੂਰ ਸਾਹਿਬ ਰਹਿ ਕੇ ੧੧ ਸਾਲ ਦੂਸਰੀ ਪਾਤਸ਼ਾਹੀ ਦੀ ਸੇਵਾ ਕੀਤੀ। ਅਧੀ ਰਾਤੀਂ ਜਾਗ ਕੇ ਕਈ ਮੀਲ ਦੂਰ ਬਿਆਸਾ ਨਦੀ ਤੋਂ ਪਾਣੀ ਲਿਆਂਦੇ ਜਿਸ ਨਾਲ ਗੁਰੂ ਜੀ ਇਸ਼ਨਾਨ ਕਰਦੇ। ਕੀ ਗੁਰੂ ਜੀ ਉਸ ਨੂੰ ਇਸ ਖੇਚਲ ਤੋਂ ਮਨਾ ਨਹੀਂ ਕਰ ਸਕਦੇ ਸਨ ? ਕੀ ਉਹ ਪਿੰਡ ਦੇ ਖੂਹ ਦੇ ਪਾਣੀ ਨਾਲ ਇਸ਼ਨਾਨ ਨਹੀਂ ਕਰ ਸਕਦੇ ਸਨ ? ਪਰ ਸਵਾਲ ਇਹ ਨਹੀਂ ਸੀ। ਸਵਾਲ ਇਹ ਸੀ ਕਿ ਇਦਾਂ ਕਰਦਿਆਂ ਭਾਈ ਅਮਰਦਾਸ ਜੀ ਆਪਣਾ ਅਹੰਕਾਰ ਗਲਦਾ ਹੋਇਆ ਦੇਖਦੇ ਸਨ ਤੇ ਇਦਾਂ ਕਰੀ ਜਾਣਾ ਹੀ ਉਨ੍ਹਾਂ ਲਈ ਲਾਭਵੰਤ ਸੀ। ਇਹ ਸਿਖਿਆ ਸੀ, ਸ਼ਖਸੀ ਸੇਵਾ ਨਹੀਂ ਸੀ। ਇਸ ਸੇਵਾ ਰਾਹੀਂ ਉਨ੍ਹਾਂ ਦੇ ਹਿਰਦੇ ਵਿਚ ਨਾਮ ਪੱਕਾ ਹੁੰਦਾ ਸੀ। ਗੁਰੂ ਜੀ ਦੇ ਆਪਣੇ ਸ਼ਬਦਾਂ ਵਿਚ-

ਸੋ ਬੂਝੈ ਜਿਸੁ ਆਪਿ ਬੁਝਾਏ।
ਸਤਿਗੁਰ ਸੇਵਾ ਨਾਮੁ ਦ੍ਰਿੜ੍ਹਾਏ। (ਪੰਨਾ ੧੧੭੫)
ਇਕਿ ਆਪੇ ਕਾਢਿ ਲਏ ਪ੍ਰਭਿ
ਆਪੇ ਗੁਰ ਸੇਵਾ ਪ੍ਰਭਿ ਲਾਏ।।
ਹਰਿ ਕਾ ਨਾਮੁ ਨਿਧਾਨੋ ਪਾਇਆ
ਸੁਖੁ ਵਸਿਆ ਮਨਿ ਆਏ।। (ਪੰਨਾ ੧੧੩੦)

ਗੁਰ ਸੇਵਾ ਤੋਂ ਲੋਕ ਸੇਵਾ ਦਾ ਰਾਹ ਚੌਥੀ ਤੇ ਪੰਜਵੀ ਪਾਤਸ਼ਾਹੀ ਨੇ ਆਪਣੇ ਰਾਹੀਂ ਦਰਸਾਇਆ। ਗੁਰੂ ਰਾਮਦਾਸ ਜੀ ਨੇ ਜਗਤ ਭਲੇ ਲਈ ਅੰਮ੍ਰਿਤ ਸਰੋਵਰ ਬਣਾਇਆ ਤੇ ਸ੍ਰੀ ਅੰਮ੍ਰਿਤਸਰ ਸ਼ਹਿਰ ਵਸਾਇਆ।

ਗੁਰੂ ਅਰਜਨ ਦੇਵ ਜੀ ਨੇ ਤਰਨ-ਤਾਰਨ ਸ਼ਹਿਰ ਕੁਸ਼ਟ ਰੋਗੀਆਂ ਦੀ ਸੇਵਾ ਲਈ ਬਣਾਇਆ। ਗੁਰੂ ਜੀ ਨੇ ਆਪ ਕੁਸ਼ਟ ਰੋਗੀਆਂ ਦੀ ਸੇਵਾ ਕੀਤੀ ਤੇ ਕਈਆਂ ਨੂੰ ਇਸ ਭਿਆਨਕ ਰੋਗ ਤੋਂ ਮੁਕਤ ਕੀਤਾ। ਲੋਕੀਂ ਕੋੜ੍ਹੀਆਂ ਦੇ ਪ੍ਰਛਾਵੇਂ ਤੋਂ ਦੂਰ ਰਹਿੰਦੇ ਸਨ, ਪਰ ਗੁਰੂ ਜੀ ਨੇ ਨਾ ਕੇਵਲ ਉਨ੍ਹਾਂ ਨੂੰ ਗਲੇ ਨਾਲ ਲਾਇਆ ਬਲਕਿ ਉਨ੍ਹਾਂ ਦੇ ਰਹਿਣ-ਖਾਣ-ਪੀਣ ਦੀ ਉਤਮ ਵਿਵਸਥਾ ਕੀਤੀ। ਉਨ੍ਹਾਂ ਦੇ ਦੁਖ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਇਸੇ ਲਈ ਇਸ ਸ਼ਹਿਰ ਨੂੰ *"ਤਰਨ-ਤਾਰਨ ਦੁਖ ਨਿਵਾਰਨ"* ਦੇ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ।

ਜਦੋਂ ਲਾਹੌਰ ਸ਼ਹਿਰ ਵਿਚ ਕਹਿਤ (ਕਾਲ) ਪੈ



www.AKJ.Org

ਗਿਆ ਤਾਂ ਗੁਰੂ ਜੀ ਆਪ ਉਥੇ ਗਏ, ਲੋਕਾਂ ਨੂੰ ਹੌਂਸਲਾ ਦਿਤਾ, ਖਾਣ-ਪੀਣ ਦਾ ਬੰਦੋਬਸਤ ਕੀਤਾ, ਦਵਾ-ਦਾਰੂ ਮੁਹਈਆ ਕੀਤਾ ਤੇ ਲੋੜ-ਵੰਦਾਂ ਦਾ ਅੰਤਮ ਸੰਸਕਾਰ ਤਕ ਵੀ ਕੀਤਾ। ਇਸਤ੍ਰੀ ਜਾਤੀ ਦੀ ਸੇਵਾ ਹਿਤ ਗੁਰੂ ਜੀ ਨੇ *'ਸਤੀ'* ਜਿਹੀ ਭਿਆਨਕ ਤੇ ਘਿਨੌਣੀ ਪ੍ਰਥਾ ਨੂੰ ਰੋਕਿਆ ਤੇ ਵਿਧਵਾ ਵਿਆਹ ਨੂੰ ਉਤਸ਼ਾਹਿਤ ਕੀਤਾ।

ਧਰਮ ਦੀ ਸੇਵਾ ਸਿਖਾਈ ਛੇਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਨੇ ਵੀ ਕੀਤੀ। ਗੁਰੂ ਹਰਿ ਗੋਬਿੰਦ ਜੀ ਨੇ ਜੇਲ੍ਹ ਜਾਣਾ ਪ੍ਰਵਾਨ ਕੀਤਾ ਪਰ ਧਰਮ ਦਾ ਕਮਜ਼ੋਰ ਹੋਣ ਮਨਜ਼ੂਰ ਨਹੀਂ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਸੀਸ ਦੇਣਾ ਠੀਕ ਜਾਣਿਆ ਪਰ ਧਰਮ ਦੀ ਰਖਿਆ ਛਡਣੀ ਠੀਕ ਨਹੀਂ ਜਾਣੀ। ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਦੀ ਕੁਰਬਾਨੀ ਕਬੂਲ ਕੀਤੀ ਪਰ ਸਚ ਦੀ ਸੇਵਾ ਨਹੀਂ ਛੱਡੀ। ਉਨ੍ਹਾਂ ਪੂਰਨਿਆਂ ਤੇ ਚਲਦੇ ਹੋਏ ਸਿੰਘਾਂ ਨੇ ਧਰਮ-ਹਿਤ ਕਈ ਕੁਰਬਾਨੀਆਂ ਦਿਤੀਆਂ ਤੇ ਦੇ ਰਹੇ ਹਨ ਪਰ ਸੱਚ ਦਾ ਸਾਥ ਛਡਣ ਨੂੰ ਤਿਆਰ ਨਹੀਂ। ਕਿਉਂਕਿ ਇਸ ਸੇਵਾ ਵਿਚ ਹੀ ਉਨ੍ਹਾਂ ਨੂੰ ਨਾਮ-ਰਸ ਮਿਲਦਾ ਹੈ-

ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ।।
ਨਾਨਕ ਸਹਜੇ ਨਾਮਿ ਸਮਾਇਆ।। (ਪੰਨਾ ੧੧੭੪)

ਜਿਦਾਂ ਸੇਵਾ ਦੇ ਕਈ ਪ੍ਰਕਾਰ ਹਨ, ਉਦਾਂ ਹੀ ਸੇਵਾ ਕਰਨ ਦੇ ਵੀ ਕਈ ਪ੍ਰਕਾਰ ਹਨ। ਸੇਵਾ ਤਨ ਰਾਹੀਂ ਹੈ, ਧਨ ਰਾਹੀਂ ਹੈ, ਮਨ ਰਾਹੀਂ ਹੈ। ਇਸ ਸੇਵਾ ਵਿਚ ਅੰਮ੍ਰਿਤ ਰਸ ਹੈ ਤੇ ਹਰਿ ਨਾਮ ਜਪਣਾ ਹੈ-

ਤਨੁ ਮਨੁ ਧਨੁ ਹਰਿ ਆਗੈ ਰਾਖਿਆ।।
ਨਾਨਕੁ ਕਹੈ ਮਹਾ ਰਸ ਚਾਖਿਆ। (ਪੰਨਾ ੧੩੪੩)
ਤਨੁ ਮਨੁ ਧਨੁ ਅਰਪਉ ਸਭੁ ਅਪਨਾ।।
ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ। (ਪੰਨਾ੮੦੪

ਇਸ ਪ੍ਰਕਾਰ ਦੀ ਸੇਵਾ ਹੀ ਠੀਕ ਸਿਮਰਨ ਹੈ ਕਿਉਂਕਿ ਅਸੀਂ ਆਪਣੇ ਤਨ ਨੂੰ, ਮਨ ਨੂੰ ਤੇ ਧਨ ਨੂੰ ਮਨੁਖਤਾ ਦੀ ਸੇਵਾ ਵਿਚ ਲਾ ਕੇ ਉਸ ਕਰਤਾ-ਪੁਰਖ ਨੂੰ ਹੀ ਯਾਦ ਕਰਦੇ ਹਾਂ। ਇਹ ਚੇਤੇ ਕਰਦੇ ਹਾਂ ਕਿ ਮੇਰਾ ਮੇਰੇ ਵਿਚ ਕੁਝ ਵੀ ਨਹੀਂ। ਨਾ ਅਸੀਂ ਆਪਣਾ ਸਰੀਰ ਬਣਾ ਸਕਦੇ ਹਾਂ ਤੇ ਨਾ ਮਨ। ਇਹ ਉਸ ਦੀ ਦਾਤ ਹੈ। ਅਸੀਂ ਕਿਦਾਂ ਤਨ ਜਾਂ ਮਨ ਬਣਾ ਸਕਦੇ ਹਾਂ ? ਧਨ ਬਾਰੇ ਸਾਨੂੰ ਥੋੜਾ ਭ੍ਰਮ ਹੈ ਕਿ ਅਸੀਂ ਧਨ ਕਮਾ ਸਕਦੇ ਹਾਂ। ਅਸੀਂ ਹਉਂ ਭਾਵ ਵਿਚ ਸਮਝਦੇ ਹਾਂ ਕਿ ਮਾਇਆ ਦੀ ਦਾਤ ਅਸੀਂ ਆਪ ਕੱਠੀ ਕੀਤੀ ਹੈ, ਪਰ ਕੀ ਇਹ ਠੀਕ ਹੈ ?

ਪਹਿਲੀ ਗੱਲ, ਕਮਾਣ ਲਈ ਕਮਾਣ ਦੇ ਸਾਧਨ (ਹਥ, ਪੈਰ, ਬੁਧੀ) ਚਾਹੀਦੇ ਹਨ। ਕੀ ਅਸੀਂ ਸਰੀਰ ਤੇ ਬੁਧੀ ਪੈਦਾ ਕਰ ਸਕਦੇ ਹਾਂ ? ਯਾਨੀ ਕਮਾਣ ਦੇ ਸਾਧਨ (Means of Production) ਸਾਡੇ ਆਪਣੇ ਨਹੀਂ। ਦੂਸਰੀ ਗੱਲ, ਜੇ ਮੰਨ ਵੀ ਲਿਆ ਜਾਏ ਕਿ ਅਸੀਂ ਸਰੀਰ-ਬੁਧੀ ਬਣਾ ਸਕਦੇ ਹਾਂ ਤਾਂ ਕੀ ਇਹ ਧਨ ਪਾਣ ਲਈ ਕਾਫੀ ਹਨ ? ਸਾਨੂੰ ਪਤਾ ਹੈ ਕਿ ਹਜ਼ਾਰਾਂ ਤਕੜੇ ਸਰੀਰ ਤੇ ਤੇਜ਼ ਬੁਧੀ ਵਾਲੇ ਭੁਖੇ ਪਏ ਫਿਰਦੇ ਹਨ। ਨਹੀਂ ਸਾਡੇ ਕੋਲ ਕੁਝ ਵੀ ਨਹੀਂ। ਜੋ ਕੁਝ ਹੈ ਵਾਹਿਗੁਰੂ ਜੀ ਨੇ ਖੁਸ਼ ਹੋ ਕੇ ਸਾਨੂੰ ਬਖਸ਼ਿਆ ਹੈ, ਅਸੀਂ ਆਪ ਕੁਝ ਨਹੀਂ ਪਾਇਆ। ਆਸਾ ਦੀ ਵਾਰ ਵਿਚ ਅਸੀਂ ਰੋਜ਼ ਪੜ੍ਹਦੇ ਹਾਂ-

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ।
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ।
(ਪੰਨਾ ੪੭੪)

ਸਾਡਾ ਸਰੀਰ, ਸਾਡਾ ਮਨ, ਸਾਡੀ ਸਿਹਤ, ਸਾਡੀ ਸਵੱਛਤਾ, ਸਾਡੀ ਅਰੋਗ ਦੇਹ ਤੇ ਬੁਧੀ (ਜਿਹੜੀ ਧਨ ਕਮਾਣ ਲਈ ਜ਼ਰੂਰੀ ਹੈ) ਉਹ ਵਾਹਿਗੁਰੂ ਦੀ ਹੀ ਦੇਣ ਹੈ। ਕੋਈ ਦਾਅਵਾ ਨਹੀਂ ਕਰ ਸਕਦਾ ਭਾਵੇਂ ਉਹ ਕਿੰਨਾ ਹੀ ਸਿਆਣਾ ਹੋਏ ਤੇ ਆਪਣੀ ਸਿਹਤ ਦਾ ਕਿੰਨਾ ਹੀ ਖਿਆਲ ਰਖਦਾ ਹੋਏ, ਕਿ ਉਹ ਉਮਰ ਭਰ ਸਰੀਰਕ ਤੇ ਮਾਨਸਕ ਰੋਗਾਂ ਤੋਂ ਰਹਿਤ ਰਹਿ ਸਕਦਾ ਹੈ। ਰੋਗ=ਰਹਿਤ ਇਕੋ ਵਾਹਿਗੁਰੂ ਹੈ ਤੇ ਸਾਨੂੰ ਰੋਗ-ਰਹਿਤ ਰਹਿਣ ਲਈ ਉਸ ਦੀ ਬਖਸ਼ਸ਼ ਦੀ ਭਰਪੂਰ ਲੋੜ ਹੈ।

ਜੇ ਇਹ ਪਤਾ ਹੋ ਜਾਏ ਕਿ ਸਾਡਾ ਧਨ, ਸਾਡਾ ਤਨ ਤੇ ਸਾਡਾ ਮਨ ਆਪਣਾ ਕਮਾਇਆ ਹੋਇਆ ਨਹੀਂ ਬਲਕਿ ਵਾਹਿਗੁਰੂ ਦੀ ਦੇਣ ਹੈ ਤਾਂ ਅਸੀਂ ਆਪਣੇ ਆਪ ਹੀ ਆਪਣੇ ਤਨ,ਮਨ, ਧਨ ਨੂੰ ਉਸ ਦੇ ਆਸ਼ੇ ਦੀ ਪੂਰਤੀ ਲਈ ਵਾਰਨ ਨੂੰ ਤਿਆਰ ਹੋ ਜਾਂਦੇ ਹਾਂ। ਗੁਰਵਾਕ ਹੈ-

ਸੇਵਾ ਕਰੀ ਜੇ ਕਿਛੁ ਹੋਵੈ ਅਪਣਾ,
ਜੀਉ ਪਿੰਡੁ ਤੁਮਾਰਾ। (ਪੰਨਾ ੬੩੪)

ਸਾਡਾ ਦਿਲ ਆਪਣੇ ਆਪ ਹੀ ਸੇਵਾ ਕਰਨ ਲਈ ਤਿਆਰ-ਬਰ-ਤਿਆਰ ਹੋ ਜਾਂਦਾ ਹੈ। ਅਸੀਂ ਆਪੇ ਹੀ ਮਨੁਖਤਾ ਦੀ ਸੇਵਾ ਵਿਚ ਲਗ ਜਾਂਦੇ ਹਾਂ

ਗੁਰਮਤ ਅਨੁਸਾਰ ਉਹ ਹਥ-ਪੈਰ ਬੇਕਾਰ ਹਨ, ਜਿਹੜੇ ਸੇਵਾ ਵਿਚ ਨਹੀਂ ਲਗਦੇ। ਇਜੇਹੇ ਹਥਾਂ-ਪੈਰਾਂ ਰਾਹੀਂ ਕੀਤੇ ਹੋਰ ਸਾਰੇ ਕਰਮ ਨਿਸਫਲ ਹਨ ਕਿਉਂਕਿ

"ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਨੀ"। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਇਕ ਘਟਨਾ ਹੈ ਕਿ ਉਨ੍ਹਾਂ ਨੇ ਇਕ ਸਿਖ ਨੌਜਵਾਨ ਦੇ ਹਥੋਂ, ਜਿਸ ਨੇ ਕਦੀ ਸਰੀਰ ਰਾਹੀਂ ਸੇਵਾ ਨਹੀਂ ਕੀਤੀ ਸੀ, ਪਾਣੀ ਪੀਣ ਤੋਂ ਨਾਂਹ ਕਰ ਦਿਤੀ ਸੀ। ਗੁਰੂ ਜੀ ਨੇ ਕਿਹਾ ਸੀ, *"ਇਸ ਕਟੋਰੇ ਦਾ ਪਾਣੀ ਡੋਲ੍ਹ ਦਿਉ, ਜਿਨ੍ਹਾਂ ਹਥਾਂ ਨੇ ਕਦੀ ਸੇਵਾ ਨਹੀਂ ਕੀਤੀ, ਉਨ੍ਹਾਂ ਹਥਾਂ ਦਾ ਜਲ ਛਕਣਾ ਮੁਨਾਸਿਬ ਨਹੀਂ।"*

ਸਰੀਰਕ ਸੇਵਾ ਤੇ ਐਨਾ ਜ਼ੋਰ ਕਿਉਂ ? ਖਾਸ ਕਰਕੇ ਪਖਾ ਫੇਰਨ, ਪਾਣੀ ਢੋਣ ਤੇ ਚੱਕੀ ਪੀਸਣ, ਆਦਿ ਕਿਸਮ ਦੀ ਸੇਵਾ ਤੇ। ਗੁਰਵਾਕ ਹੈ-

ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ। (ਪੰਨਾ ੮੪੯)
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ।
(ਪੰਨਾ ੭੫੭)

ਚੇਤੇ ਰਖੋ ਕਿ ਇਸ ਪ੍ਰਕਾਰ ਦੀ ਸੇਵਾ ਛੋਟੀ ਜਾਤੀ ਦੇ ਲੋਕੀ ਕਰਦੇ ਹਨ। ਅਮੀਰ, ਪਦ-ਪਦਵੀ ਵਾਲੇ, ਪਖਾ-ਫੇਰੀ, ਪਾਣੀ ਢੋਵਾਂ ਦਾ ਕੰਮ ਨਹੀਂ ਕਰਦੇ ਸਨ। ਇਸ ਕੰਮ ਨੂੰ ਘਟੀਆ ਜਾਣਦੇ ਸਨ ਤੇ ਇਸ ਲਈ ਉਨ੍ਹਾਂ ਨੇ ਅੱਗੇ ਕਾਮੇ ਰਖੇ ਹੋਏ ਸਨ। ਹਾਲੀ ਵੀ, ਉਚੀ ਜਾਤੀ ਦੇ ਸਿਖਾਂ ਕੋਲੋਂ ਇਸ ਪ੍ਰਕਾਰ ਦੀ ਸੇਵਾ ਲੈ ਕੇ, ਗੁਰੂ ਜੀ ਨੇ ਸੇਵਾ ਦੀ ਉੱਚਤਾ ਦਰਸਾਈ। ਇਹ ਸਮਝਾਇਆ ਕਿ ਕੋਈ ਕੰਮ ਆਪਣੇ ਆਪ ਵਿਚ ਨੀਵਾਂ ਨਹੀਂ । ਇਨ੍ਹਾਂ ਉੱਚੀ ਜਾਤ ਦੇ ਸਿਖਾਂ ਕੋਲੋਂ ਮਨੋਨੀਤ ਨੀਵਾਂ ਕੰਮ ਕਰਵਾ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਅਹੰਕਾਰ ਮਾਰਨ ਦਾ ਰਾਹ ਦਰਸਾਇਆ।

ਜਿਸ ਨੇ ਕਦੀ ਪਾਣੀ ਨਹੀਂ ਭਰਿਆ, ਉਸ ਨੂੰ ਪਾਣੀ ਭਰਨ ਵਿਚ ਬੜੀ ਤਕਲੀਫ ਹੁੰਦੀ ਹੈ। ਸਰੀਰਕ ਤਕਲੀਫ ਤਾਂ ਹੁੰਦੀ ਹੀ ਹੈ, ਪਰ ਮਾਨਸਕ ਤਨਾਵ ਵੀ ਹੁੰਦਾ ਹੈ, ਪਰ ਜਦੋਂ ਉਹ ਗੁਰੂ ਆਗਿਆ ਵਿਚ ਇਹ ਸੇਵਾ ਕਰਦਾ ਹੈ ਤਾਂ ਉਹ ਹੌਲਾ ਹੌਲਾ ਮਹਿਸੂਸ ਕਰਦਾ ਹੈ। ਜਿਉਂ ਜਿਉਂ ਇਸ ਪ੍ਰਕਾਰ ਦੇ ਨੀਵੇਂ ਕੰਮ ਬਾਰੇ ਮਾਨਸਕ ਵਿਰੋਧਤਾ ਘਟਦੀ ਜਾਂਦੀ ਹੈ ਉਹ ਅਹੰਕਾਰ -ਰਹਿਤ ਹੁੰਦਾ ਜਾਂਦਾ ਹੈ ਤੇ ਸੇਵਾ ਅਨੰਦ ਪ੍ਰਤੀਤ ਕਰਨ ਲਗਦਾ ਹੈ ਤੇ ਇਹੀ ਮਨਸ਼ਾ ਹੈ ਇਸ ਪ੍ਰਕਾਰ ਦੀ ਸੇਵਾ ਕਰਾਣ ਵਿਚ।

ਤਨ, ਮਨ ਤੇ ਧਨ ਤੋਂ ਇਲਾਵਾ ਇਕ ਚੌਥੀ ਪ੍ਰਕਾਰ ਦੀ ਸੇਵਾ ਵੀ ਹੈ। ਉਸ ਨੂੰ ਸੁਰਤਿ ਦੀ ਸੇਵਾ ਕਹਿੰਦੇ ਹਨ। ਸੁਰਤਿ ਦੀ ਸੇਵਾ ਗੁਰੂ ਦੇ ਸ਼ਬਦ ਤੇ ਗੁਰ ਵਿਚਾਰ ਨਾਲ ਹੁੰਦੀ ਹੈ, ਗੁਰੂ ਦਾ ਭਾਣਾ ਮੰਨਣ ਨਾਲ ਹੁੰਦੀ ਹੈ, ਆਪਣੀ ਹਉਮੈ ਮਾਰਨ ਨਾਲ ਹੁੰਦੀ ਹੈ। ਗੁਰਵਾਕ ਹੈ-

ਸੇਵਾ ਸੁਰਤਿ ਸਬਦਿ ਵੀਚਾਰਿ।।
ਜਪੁ ਤਪੁ ਸੰਜਮੁ ਹਉਮੈ ਮਾਰਿ।। (ਪੰਨਾ ੧੩੪੩)
ਜਪੁ ਤਪੁ ਸੰਜਮੁ ਭਾਣਾ ਸਤਿਗੁਰੂਕਾ
ਕਰਮੀ ਪਲੈ ਪਾਇ।।
ਨਾਨਕ ਸੇਵਾ ਸੁਰਤਿ ਕਮਾਵਣੀ
ਜੋ ਹਰਿ ਭਾਵੈ ਸੋ ਥਾਇ ਪਾਇ।। (ਪੰਨਾ ੮੮)

ਗੁਰੂ ਦੇ ਸ਼ਬਦਾਂ ਦਾ ਪਾਠ ਕਰਨਾ, ਸ਼ਬਦ ਤੇ ਵਿਚਾਰ ਕਰਨਾ, ਸ਼ਬਦ ਉਤੇ ਧਿਆਨ ਟਿਕਾਣਾ, ਸ਼ਬਦ ਦਾ ਸਿਮਰਨ ਕਰਨਾ-ਇਹ ਸਭ ਸੁਰਤਿ ਦੀ ਸੇਵਾ ਦੇ ਅੰਗ ਹਨ। ਧਨ ਰਾਹੀਂ ਸੇਵਾ ਕਰਨ ਵਾਲੇ ਬਹੁਤ ਮਿਲ ਜਾਂਦੇ ਹਨ, ਤਨ ਰਾਹੀਂ ਸੇਵਾ ਕਰਨ ਵਾਲੇ ਉਸ ਤੋਂ ਘਟ ਹੁੰਦੇ ਹਨ, ਪਰ ਸੁਰਤਿ ਰਾਹੀਂ ਸੇਵਾ ਕਰਨ ਵਾਲੇ ਤਾਂ ਨਾਂਹ ਦੇ ਬਰਾਬਰ ਹੀ ਹਨ। ਸੁਰਤਿ ਸੇਵਾ ਤਕ ਪਹੁੰਚਣ ਲਈ ਤਨ-ਮਨ -ਧਨ ਦੀ ਸੇਵਾ ਰਾਹੀਂ ਆਪਣੇ ਅਹੰਕਾਰ ਦਾ ਨਾਸ਼ ਕਰਨਾ ਪੈਂਦਾ ਹੈ। ਇਹ ਮੁਸ਼ਕਲ ਹੈ ਪਰ ਮਿਹਨਤ ਨਾਲ ਮਨੁਖ ਅਗੇ ਵੱਧ ਸਕਦਾ ਹੈ।

ਸੋ ਸੇਵਾ ਕਰੋ ਕਿਉਂਕਿ ਸੇਵਾ ਹੀ ਇਕ ਮਾਤ੍ਰ ਆਸਾਨ ਤਰੀਕਾ ਹੈ ਜਿਸ ਰਾਹੀਂ ਅਹੰਕਾਰ ਮਰਦਾ ਹੈ। "ਮੈਂ" ਦਾ ਨਾਸ਼ ਹੁੰਦਾ ਹੈ ਤੇ ਆਪਣੀ ਆਤਮਾ ਦੀ ਝਲਕ ਮਿਲਦੀ ਹੈ। ਸੇਵਾ ਵੇਲੇ ਹਮੇਸ਼ਾਂ ਚੇਤੇ ਰਚਣਾ ਚਾਹੀਦਾ ਹੈ ਕਿ ਕਿਤੇ ਇਦਾਂ ਕਰਦਿਆਂ ਮੈ ਕਿਸੇ ਸੂਖਮ ਰੂਪ ਵਿਚ ਕੋਈ ਅਹੰਕਾਰ ਤਾਂ ਨਹੀਂ ਪਾਲ ਰਿਹਾ। ਜੇ ਇਦਾਂ ਹੋ ਗਿਆ ਤਾਂ ਸਾਰੀ ਮਿਹਨਤ ਬੇਕਾਰ ਹੋ ਜਾਏਗੀ। ਅਹੰਕਾਰ ਦੇ ਗੁੰਮਰਾਹ ਕਰਨ ਦੇ ਬੜੇ ਮਾਸੂਮ ਤਰੀਕੇ ਹੁੰਦੇ ਹਨ ਤੇ ਜੇ ਸਿਖ ਸਾਵਧਾਨ ਨ ਰਹੇ ਤਾਂ ਉਹ ਅਹੰਕਾਰ ਸਾਡੀ ਸੇਵਾ ਵਿਚ ਵੀ ਆ ਰਲਦਾ ਹੈ ਤੇ ਸਾਡਾ ਸਾਰਾ ਦਾਨ-ਪੁੰਨ, ਸੇਵਾ-ਸੰਭਾਲ ਨਿਸਫਲ ਹੋ ਜਾਂਦਾ ਹੈ-

ਸੇਵਾ ਕਰਾਂਗੇ ਤਾਂ ਅਹੰਕਾਰ ਘਟੇਗਾ, ਅਹੰਕਾਰ ਘਟੇਗਾ ਤਾਂ ਸਿਮਰਨ ਵਧੇਗਾ, ਸਿਮਰਨ ਵਧੇਗਾ ਤਾਂ ਆਤਮਾ ਦੇ ਦਰਸ਼ਨ ਹੋਣਗੇ। ਆਤਮਾ ਦੇ ਦਰਸ਼ਨ ਹੋਣਗੇ, ਤਾਂ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਹੋਏਗੀ-

ਪ੍ਰਭ ਕੀ ਦਰਗਹ ਸੋਭਾਵੰਤੇ।
ਸੇਵਕ ਸੇਵਿ ਸਦਾ ਸੋਹੰਤੇ।
(ਪੰਨਾ ੧੩੩੯)



www.AKJ.Org

# ਭੰਗਾਣੀ ਦਾ ਜੁੱਧ-ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ-2

(ਵਲੋਂ-ਪ੍ਰਿੰਸੀਪਲ ਸੁਜਾਨ ਸਿੰਘ)

"ਭੀਮ ਚੰਦ ਦੇ ਫ਼ਤਹਿ ਸ਼ਾਹ ਦੀ ਲੜਕੀ ਨੂੰ ਛੱਡ ਦੇਣ ਦੀ ਧਮਕੀ ਦੇ ਕਾਰਨ ਹੀ ਫ਼ਤਹਿ ਸ਼ਾਹ ਪਹਾੜੀ ਰਾਜਿਆਂ ਦਾ ਆਗੂ ਬਣ ਕੇ ਸਤਿਗੁਰਾਂ ਤੇ ਚੜ੍ਹਾਈ ਕਰਨ ਲਈ ਤਤਪਰ ਹੋਇਆ। ਲੜਾਈ ਦੀਆਂ ਜ਼ਬਰਦਸਤ ਤਿਆਰੀਆਂ ਸ਼ੁਰੂ ਹੋਈਆਂ। ਇਕ ਵੱਡੀ ਸੈਨਾ ਤੇ ਮੁਲਖਈਆਂ ਦੀ ਭਾਰੀ ਛੇੜ ਇੱਕਠੀ ਕਰਕੇ ਫ਼ਤਹਿ ਸ਼ਾਹ, ਸਮੇਤ ਜੰਜ ਵਿਚ ਆਏ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਦੇ, ਸ੍ਰੀ ਨਗਰੋਂ ਤੁਰ ਪਿਆ। ਸੂਹੀਆਂ ਨੇ ਸਤਿਗੁਰੂ ਨੂੰ ਝਟ ਇਹ ਸੂਹ ਪਹੁੰਚਾ ਦਿੱਤੀ।

"ਸਤਿਗੁਰੂ ਮੁਸਕਰਾਏ ਤੇ ਬਚਨ ਕੀਤਾ, 'ਫ਼ਤਹਿ ਸ਼ਾਹ ਤਾਂ ਅਕਾਰਨ ਹੀ ਸਾਡੇ ਤੇ ਔਖਾ ਹੋ ਪਿਆ ਹੈ।' ਸਤਿਗੁਰਾਂ ਠੀਕ ਹੀ ਕਿਹਾ ਸੀ। ਫ਼ਤਹਿ ਸ਼ਾਹ ਕੋਲ ਤਾਂ ਸਤਿਗੁਰੂ ਤੇ ਹਮਲਾ ਕਰਨ ਦਾ ਕੋਈ ਬਹਾਨਾ ਵੀ ਨਹੀਂ ਸੀ। ਅਤੇ ਕਲਗੀਧਰ ਜੀ ਨੇ ਤਾਂ ਔਖ-ਸੌਖ ਵੇਲੇ ਉਸ ਦੀ ਬਾਂਹ ਪਕੜਨੀ ਮਨਜ਼ੂਰ ਕੀਤੀ ਸੀ, ਜਿਸ ਦੀ ਮਹਾਨਤਾ ਨੂੰ ਉਹ ਅੰਨ੍ਹਾ ਹੋ ਕੇ ਪਛਾਣ ਨਾ ਸਕਿਆ।"

"ਸੱਤ ਹੈ, ਸੱਤ ਹੈ !" ਸੰਗਤ ਵਿਚੋਂ ਕਿਸੇ ਨੇ ਪਰਭਾਵਤ ਹੋ ਕੇ ਆਖਿਆ। ਬਾਕੀ ਸੰਗਤਾਂ ਵਿਚ ਸ਼ਰਧਾ ਭਰੀ ਚੁੱਪ ਛਾਈ ਰਹੀ।

ਮਹੰਤ ਜੀ ਨੇ ਫੇਰ ਕਹਿਣਾ ਸ਼ੁਰੂ ਕੀਤਾ, "ਪਰ ਕਲਗੀਧਰ ਜੀ ਆਪ ਇਸ ਅਕਾਰਨ ਕਾਰਨ ਦੇ ਕਾਰਨਾਂ ਨੂੰ ਭਲੀ ਭਾਂਤ ਜਾਣਦੇ ਸਨ। ਭੀਮ ਚੰਦ ਕੂੜਾ, ਕਪਟੀ ਤੇ ਕਾਇਰ ਹੈ। ਅਨੰਦਪੁਰ ਉਸ ਦੀ ਰਿਆਸਤ ਵਿਚ ਹੈ। ਇਸ ਨਗਰੀ ਦੇ ਵਸਾਉਣ ਲਈ ਮਾਖੋਵਾਲ ਪਿੰਡ ਦੀ ਸਾਰੀ ਜ਼ਮੀਨ ਸਤਿਗੁਰੂ ਤੇਗ ਬਹਾਦਰ ਜੀ ਨੇ ਮੁੱਲ ਤਾਰ ਕੇ ਖ਼ਰੀਦੀ ਸੀ। ਪਰ ਪਤਾ ਨਹੀਂ ਭੀਮ ਚੰਦ ਕਿਵੇਂ ਕਲਗੀਧਰ ਜੀ ਨੂੰ ਆਪਣਾ ਇਕ ਜਾਗੀਰਦਾਰ ਮਾਤਰ ਸਮਝਣ ਲੱਗ ਪਿਆ ਸੀ। ਉਸ ਨੂੰ ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ, ਹੋਰ ਦੁਨੀਆਦਾਰਾਂ ਦੀਆਂ ਗੱਦੀਆਂ ਤੋਂ ਉੱਚਤਾ ਤੇ ਮਹਾਨਤਾ ਦੀ ਸਮਝ ਨਹੀਂ ਸੀ ਪਈ। ਉਹ ਜਿਵੇਂ ਆਮ ਪਰਜਾ ਤੋਂ ਵਗਾਰ ਲੈਂਦਾ ਸੀ,ਉਸੇ ਤਰ੍ਹਾਂ ਦੀ ਵਗਾਰ ਦੀ ਆਸ ਇਸ ਰੂਹਾਨੀ ਗੱਦੀ ਤੋਂ ਵੀ ਰੱਖਦਾ ਸੀ। ਪਰ ਇਹ ਗੱਦੀ ਨਾ ਕਿਸੇ ਤੋਂ ਵਗਾਰ ਲੈਂਦੀ ਹੈ, ਨਾ ਦੇਂਦੀ ਹੈ, ਨਾ ਕਿਸੇ ਨੂੰ ਡਰਾਉਂਦੀ ਹੈ, ਨਾ ਡਰਦੀ ਹੈ। ਰਣਜੀਤ ਨਗਾਰਾ ਤਾਂ ਸਤਿਗੁਰੂ ਨਾਨਕ ਦੇਵ ਜੀ ਦੇ ਪਰਮਾਰਥਕ ਗਾਡੀ ਰਾਹ ਦੀ ਜਿੱਤ ਦਾ ਨਿਸ਼ਾਨ ਹੈ। ਮੀਰੀ-ਪੀਰੀ ਦੀ ਮਾਲਕ ਹੁੰਦਿਆਂ ਵੀ ਇਹ ਗੱਦੀ ਮੁਲਕ ਨਹੀਂ ਮਾਰਦੀ।

"ਸਤਿ-ਸੰਗੀਓ ! ਅਸਾਮ ਦੇ ਰਾਜੇ ਰਤਨ ਰਾਇ ਦੇ ਭੇਟਾ ਕੀਤੇ ਧਾਰੀ ਵਾਲੇ ਪਰਸਾਦੀ ਹਾਥੀ ਅਤੇ ਪਿਸ਼ਾਵਰ ਦੀਆਂ ਸੰਗਤਾਂ ਵਲੋਂ ਚੜ੍ਹਾਏ ਬੇਸ਼-ਕੀਮਤ ਸ਼ਾਮਿਆਨੇ ਉੱਤੇ ਲਾਲਚੀ ਭੀਮ ਚੰਦ ਕਪਟ ਨਾਲ ਕਬਜ਼ਾ ਕਰਨਾ ਚਾਹੁੰਦਾ ਸੀ। ਦਿਲਾਂ ਦੀਆਂ ਜਾਨਣਹਾਰ ਕਲਗੀਧਰ ਜੀ ਉਸ ਦੇ ਛਲ ਨੂੰ ਸਮਝਦੇ ਸਨ। ਉਨ੍ਹਾਂ ਦੇ ਇਹ ਵਸਤਾਂ ਨਾ ਭੇਜਣ ਤੇ ਭੀਮ ਚੰਦ ਔਖਾ ਹੋ ਗਿਆ ਸੀ। ਵੈਰ-ਵਿਰੋਧ ਵਧਾਉਣ ਲਈ ਉਸ ਇਹ ਬਹਾਨਾ ਬਣਾਇਆ ਕਿ ਸ਼ਿਕਾਰ ਖੇਡਦਿਆਂ ਸਤਿਗੁਰੂ ਮੇਰੀ ਪਰਜਾ ਦੀਆਂ ਖੇਤੀਆਂ ਉਜਾੜਦੇ ਹਨ। ਅਸਲ ਵਿਚ ਸਤਿਗੁਰਾਂ ਦਾ ਸ਼ਿਕਾਰ ਤਾਂ ਪਹਾੜ ਤੇ ਤਲੇਠੀ-ਨਿਵਾਸੀਆਂ ਦੀਆਂ ਖੇਤੀਆਂ ਦੀ ਰਿੱਛ, ਸੂਰ, ਆਦਿ ਭਿਆਨਕ ਜਾਨਵਰਾਂ ਤੋਂ ਰੱਖਿਆ ਲਈ ਹੈ। ਸ਼ੇਰ, ਚਿੱਤਰੇ, ਆਦਿ ਦਾ ਸ਼ਿਕਾਰ ਖੇਤੀ ਕਰਨ ਵਾਲਿਆਂ ਤੇ ਉਨ੍ਹਾਂ ਦੇ ਪਸ਼ੂਆ ਦੀ ਰੱਛਿਆ ਲਈ ਹੈ। ਇਸ ਸ਼ਿਕਾਰ ਨਾਲ ਜੋਧਿਆਂ ਦੇ ਹੌਂਸਲੇ ਵਧਦੇ ਹਨ। ਹਰਨ, ਪਾੜ੍ਹੇ, ਬਾਰਾਂ ਸਿੰਘੇ, ਆਦਿ ਨੂੰ ਲਾਗੋਂ ਗੋਲੀ ਜਾਂ ਤੀਰ ਮਾਰਨ ਦਾ ਸਾਹਿਬਾਂ ਵਲੋਂ ਹੁਕਮ ਨਹੀਂ ਹੈ। ਜਦੋਂ ਇਹ ਦੌੜਦੇ ਘਟੋ-ਘਟ ਦੋ ਤਿੰਨ ਸੌ ਗਜ਼ ਲੰਘ ਜਾਣ ਤਾਂ ਹੀ ਸਿੱਖ ਇਨ੍ਹਾਂ ਤੇ ਤੀਰ ਜਾਂ ਗੋਲੀ ਚਲਾਉਂਦੇ ਹਨ। ਇਹ ਇਕ ਤਰ੍ਹਾਂ ਤੇਜ਼ੀ ਨਾਲ ਬਦਲਦੇ ਨਿਸ਼ਾਨੇ ਨੂੰ ਵਿੰਨਣ ਦਾ ਫ਼ੌਜੀ ਅਭਿਆਸ ਹੈ। ਕਹਿਲੂਰ ਦੀ ਰਿਆਇਆ ਜੰਗਲੀ ਜਾਨਵਰਾਂ ਤੇ ਉਨ੍ਹਾਂ ਦੀ ਖੇਤੀ ਦੀ ਰੱਖਿਆ ਕਾਰਨ ਸਤਿਗੁਰਾਂ ਤੇ ਅਤੀ ਪ੍ਰਸੰਨ ਸੀ। ਸਤਿਗੁਰਾਂ ਦਾ ਉਸ ਦੀ ਪਰਜਾ ਵਿਚ ਹਰਮਨ-ਪਿਆਰਾ ਹੋਣਾ ਭੀਮ ਚੰਦ ਨੂੰ ਮਨਜ਼ੂਰ ਨਹੀਂ ਸੀ।

"ਜਦ ਨਾਹਨ-ਸਿਰਮੌਰ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸ਼ਰਧਾ-ਭਰਪੂਰ ਸੱਦੇ ਤੇ ਸਤਿਗੁਰੂ ਉੱਧਰ ਪਧਾਰੇ ਤਾਂ ਵੀ ਭੀਮ ਚੰਦ ਦਾ ਸਾੜਾ ਧੁਖਦਾ ਰਿਹਾ। ਉਹ ਬਾਈਧਾਰ ਦੇ ਪਹਾੜੀ ਰਾਜਿਆਂ ਨੂੰ ਸਤਿਗੁਰਾਂ ਦੇ ਵਿਰੁੱਧ ਉਕਸਾਉਂਦਾ ਰਿਹਾ ਤੇ ਆਪਣੇ ਨਾਲ ਗੰਢਦਾ ਰਿਹਾ। ਨਾਹਣੇਸ਼ ਤੇ ਗੜ੍ਹਵਾਲ-ਨਰੇਸ਼ ਦੀ ਜੋ ਸੁਲਹ ਸਤਿਗੁਰਾਂ ਨੇ ਵਿਚ ਪੈ ਕੇ ਕਰਾਈ ਸੀ, ਉਹ ਉਸ ਨੂੰ ਉੱਕੀ ਨਾ ਭਾਈ। ਉਹ



www.AKJ.Org

ਸਮਝਦਾ ਸੀ, ਮੇਰੇ ਸ਼ਤਰੂ ਦਾ ਮੇਰੇ ਮਿੱਤਰਾਂ ਤੇ ਸੰਬੰਧੀਆਂ ਵਿਚ ਵਕਾਰ ਵੱਧ ਰਿਹਾ ਹੈ। ਉਹ ਕਦੇ ਨਾ ਕਦੇ, ਬਾਈਧਾਰਾਂ ਦੇ ਰਾਜਿਆਂ ਨੂੰ ਇੱਕਠੇ ਕਰ ਕੇ ਤੇ ਗੁਰੂ ਜੀ ਨਾਲ ਜੰਗ ਛੇੜ ਕੇ, ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਨਗਰ ਵਿਚੋਂ ਕੱਢ ਦੇਣ ਦੀਆਂ ਸਾਜਸ਼ਾਂ ਘੜਦਾ ਰਹਿੰਦਾ ਸੀ।

"ਇੰਨੇ ਨੂੰ ਫ਼ਤਹਿ ਸ਼ਾਹ ਨੇ, ਜਿਸ ਦੀ ਪੁਤਰੀ ਭੀਮ ਚੰਦ ਦੇ ਪੁੱਤਰ ਅਜਮੇਰ ਚੰਦ ਨਾਲ ਮੰਗੀ ਹੋਈ ਸੀ, ਭੀਮ ਚੰਦ ਨੂੰ ਸਾਹੇ ਦੀ ਚਿੱਠੀ ਭੇਜ ਦਿੱਤੀ। ਭੀਮ ਚੰਦ ਨੇ ਬਾਈਧਾਰ ਦੇ ਸਾਰੇ ਸਿਰਕੱਢ ਰਾਜਿਆਂ ਨੂੰ ਜੰਜ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਅਤੇ ਹਰੀ ਚੰਦ ਹੰਡੂਰੀਆਂ, ਕਿਰਪਾਲ ਚੰਦ ਕਟੋਚੀਆ, ਗੁਪਾਲ ਚੰਦ ਗੁਲੇਰੀਆ, ਕੇਸਰੀ ਚੰਦ ਜਸਵਾਲੀਆ, ਮਧੁਕਰ ਸ਼ਾਹ ਢਢਵਾਲੀਆ, ਬਾਜ਼ੀ ਚੰਦ ਚੰਦੇਲ ਤੋਂ ਛੁੱਟ ਸਕੇਤ, ਮੰਡੀ ਤੇ ਕੋਟਲੇਹ ਦੇ ਰਾਜੇ ਆਪਣੀਆਂ ਭਾਂਤ ਭਾਂਤ ਦੀਆਂ ਬਰਦੀਆਂ ਵਾਲੀਆਂ ਸ-ਸ਼ਸਤਰ ਸੈਨਾਵਾਂ ਦੇ ਚੋਣਵੇਂ ਬਹਾਦਰਾਂ ਦੇ ਕਈ ਕਈ ਦਸਤੇ ਲੈ ਕੇ ਜੰਜ ਵਿਚ ਸ਼ਾਮਲ ਹੋਏ।

ਜੰਜ ਸ਼ਾਹੀ ਧਾਮ ਨਾਲ ਸਿਰਮੌਰ ਦੀ ਰਿਆਸਤ ਵਿਚੋਂ ਲੰਘਦੀ ਮਿੱਥੀਆਂ ਹੋਈਆਂ ਮਿਤੀਆਂ ਅਤੇ ਥਾਵਾਂ ਤੇ ਇਸ ਤਰ੍ਹਾਂ ਮੁਕਾਮ ਕਰਦੀ ਚਲੀ ਆ ਰਹੀ ਸੀ, ਕਿ ਉਹ ਸਾਹੇ ਵਾਲੇ ਦਿਨ ਸੌਖੀ ਹੀ ਗੜ੍ਹਵਾਲ ਦੀ ਰਾਜਧਾਨੀ ਸ੍ਰੀ ਨਗਰ ਪਹੁੰਚ ਜਾਵੇ। ਸਤਿਗੁਰਾਂ ਦੇ ਸਿਰਮੌਰ ਰਿਆਸਤ ਵਿਚ ਜਮਨਾ ਦੇ ਰਮਣੀਕ ਕਿਨਾਰੇ ਤੇ ਪਾਉਂਟੇ ਨਗਰ ਦੇ ਵਸਾਉਣ ਦਾ ਤਾਂ ਭੀਮ ਚੰਦ ਨੂੰ ਪਤਾ ਸੀ, ਪਰ ਪਾਉਂਟੇ ਦੇ ਵਿਚ ਸਤਿਗੁਰੂ ਜੀ ਦੀਆਂ ਫ਼ੌਜੀ ਤਿਆਰੀਆਂ ਅਤੇ ਕਿਲ੍ਹੇ ਦੀ ਉਸਾਰੀ ਦਾ ਉਸ ਨੂੰ ਸ਼ਾਇਦ ਪਤਾ ਨਹੀਂ ਸੀ।

"ਜਦੋਂ ਰਾਜਿਆਂ ਦੀ ਜੰਜ ਨੇ ਸਮੇਤ ਫ਼ੌਜਾਂ ਦੇ ਪਾਉਂਟੇ ਸਾਹਿਬ ਤੋਂ ਪਹਿਲੇ ਪੜਾ ਟਿਕਾਣਾ ਕੀਤਾ ਤਾਂ ਉਸ ਨੂੰ ਇਨ੍ਹਾਂ ਗੱਲਾਂ ਦਾ ਵੀ ਪਤਾ ਲੱਗ ਗਿਆ। ਜਿਸ ਨੇ ਕਿਸੇ ਨਾਲ ਬਦੀ ਕੀਤੀ ਹੋਵੇ ਉਸ ਨੂੰ ਡਰ ਹੁੰਦਾ ਹੈ ਕਿ ਉਸ ਤੋਂ ਕਿਤੇ ਉਸ ਬਦੀ ਦਾ ਬਦਲਾ ਨਾ ਲਿਆ ਜਾਵੇ। ਭੀਮ ਚੰਦ ਨੂੰ ਫ਼ਿਕਰ ਹੋਇਆ ਕਿ ਕਿਤੇ ਗੁਰੂ ਜੀ ਪੱਤਣ ਦਾ ਰਸਤਾ ਮੱਲ ਕੇ ਯੁੱਧ ਨਾ ਮੰਡ ਦੇਣ। ਇਸ ਲਈ ਉਸ ਨੇ ਸਾਰਿਆਂ ਰਾਜਿਆਂ ਨੂੰ ਇੱਕਠਿਆਂ ਕਰ ਕੇ ਸਨਮਾਨ ਸਹਿਤ ਕਿਹਾ, 'ਬਲੀ ਤੇ ਬੁਧੀਮਾਨ ਰਾਜਿਓ ! ਗੁਰੂ ਨਾਲ ਸਾਡਾ ਵਿਗਾੜ ਹੈ। ਅੱਗੇ ਵੀ ਜੁੱਧ ਹੁੰਦਾ ਹੁੰਦਾ ਮਸੀਂ ਟਲਿਆ ਸੀ। ਜਿਸ ਰਸਤੇ ਅਸੀਂ ਜਾਣਾ ਹੈ, ਉਸ ਤੇ ਗੁਰੂ ਦਾ ਡੇਰਾ ਹੈ। ਉਹ ਨਾ ਹੋਵੇ ਉਨ੍ਹਾਂ ਨਾਲ ਟੱਕਰ ਹੋ ਜਾਵੇ। ਵਿਆਹ ਦਾ ਉਤਸਵ ਜਾਣ ਕੇ ਮੈਂ ਟੱਕਰ ਨੂੰ ਟਾਲਣਾ ਚਾਹੁੰਦਾ ਹਾਂ। ਤੁਸੀਂ ਸਾਰੇ ਸਿਆਣੇ ਹੋ, ਦੱਸੋ, ਇਸ ਦਲ ਨੂੰ ਲੈ ਕੇ ਗੁਰੂ ਦੇ ਡੇਰੇ ਲਾਗੋਂ ਕਿਵੇਂ ਲੰਘਿਆ ਜਾਵੇ?"

"ਰਾਜਾ ਕੇਸਰੀ ਚੰਦ ਨੇ ਕਿਹਾ, 'ਰਾਜਾ ਜੀ, ਤੁਸੀਂ ਕਿਸ ਫ਼ਿਕਰ ਵਿਚ ਪਏ ਹੋ ? ਗੁਰੂ ਕੋਲ ਫ਼ੌਜ ਹੀ ਕਿੰਨੀ ਕੁ ਹੈ ? ਅਸੀਂ ਸਾਰੇ ਰਾਜੇ ਪਰਖਿਆਂ ਹੋਇਆ ਜੋਧਿਆਂ ਦੀਆਂ ਫ਼ੌਜਾਂ ਲੈ ਕੇ ਆਏ ਹਾਂ। ਅਸੀਂ, ਜੇ ਗੁਰੂ ਜੁੱਧ ਛੇੜੇ ਤਾਂ, ਕਿਉਂ ਟਲਾਂਗੇ ?'

"ਗੁਪਾਲ ਗੁਲੇਰੀਏ ਨੇ ਕਿਹਾ, ਅਸੀਂ ਗੁਰੂ ਦੀ ਸੈਨਾ ਕੋਲ ਕਿਉਂ ਡਰਨ ਲੱਗੇ ? ਅਸੀਂ ਆਪਣੇ ਜ਼ੋਰ ਨਾਲ ਰਾਹ ਲੈ ਕੇ ਅੱਗੇ ਜਾਵਾਂਗੇ।

"ਰਾਜਾ ਹਰੀ ਚੰਦ ਹੰਡੂਰੀਆਂ, ਜੋ ਧਨੁਰ ਵਿਦਿਆਂ ਵਿਚ ਆਪਣਾ ਕੋਈ ਸਾਨੀ ਨਹੀਂ ਸੀ ਸਮਝਦਾ, ਬੋਲਿਆ, 'ਕਹਿਲੂਰ-ਨਰੇਸ਼, ਤੁਸੀਂ ਆਪਣਾ ਮੰਤਰੀ ਗੁਰੂ ਕੋਲ ਭੇਜੋ ਜਿਹੜਾ ਬਹਾਨੇ ਬਹਾਨੇ ਨਾਲ ਦੇਖੇ ਕਿ ਗੁਰੂ ਕੋਲ ਕਿੰਨੇ ਕੁ ਜੋਧੇ ਤੇ ਸੈਨਾ ਹੈ। ਵੈਰੀ ਦੇ ਬਲ ਦੀ ਟੋਹ ਕਰਨੀ ਜ਼ਰੂਰੀ ਹੁੰਦੀ ਹੈ, ਭਾਵੇਂ ਸਾਡੀਆਂ ਫ਼ੌਜਾਂ ਅੱਗੇ ਕੋਈ ਵੀ ਸੈਨਾ ਨਹੀਂ ਅੜ ਸਕੇਗੀ। ਮੰਤਰੀ ਜਾਵੇ ਤੇ ਗੱਲਾ ਗੱਲਾਂ ਵਿਚ ਆਪਣੀ ਸੈਨਿਕ-ਸ਼ਕਤੀ ਨੂੰ ਗੁਰੂ ਅਗੇ ਪਰਗਟ ਕਰੇ ਤੇ ਸੁਝਾਵੇ ਕਿ ਤੁਸੀਂ ਚੁੱਪ ਕਰ ਕੇ ਰਸਤਾ ਦੇ ਦਿਉ, ਨਹੀਂ ਤੇ ਤੁਹਾਡਾ ਡੇਰਾ ਲੁੱਟਿਆ ਜਾਵੇਗਾ।'

"ਹੰਡੂਰੀਏ ਦੀ ਨਿਸਚੇ ਹੀ ਬੀਰਤਾ-ਪੂਰਤ ਪਰ ਅ-ਦੂਰ ਦਰਸ਼ੀ ਸਲਾਹ ਸੁਣ ਕੇ ਭੀਮ ਚੰਦ ਬੋਲਿਆ, 'ਪਰਬਤ-ਪਤੀਓ ! ਆਪ ਦੀ ਬੀਰਤਾ ਅਤੇ ਭੇੜ ਦੇ ਉਤਸ਼ਾਹ ਤੇ ਕਿਸੇ ਨੂੰ ਰੰਚਕ ਮਾਤਰ ਵੀ ਸੰਦੇਹ ਨਹੀਂ ਹੋ ਸਕਦਾ। ਪਰ ਅਸੀਂ ਖੁਸ਼ੀ ਦੇ ਕਾਰਜ ਲਈ ਜਾ ਰਹੇ ਹਾਂ। ਜੇ ਭੇੜ ਹੋ ਗਿਆ ਤਾਂ ਮੌਤਾਂ ਹੋਣਗੀਆਂ। ਗੁਰੂ ਨਾਲ ਨਿਸਚੇ ਹੀ ਮੈਂ ਇਕ ਵਾਰ ਲੜਨਾ ਤਾਂ ਜ਼ਰੂਰ ਹੈ, ਪਰ ਉਹ ਕੁਮਾਰ ਦੀ ਸ਼ਾਦੀ ਤੋਂ ਮਗਰੋਂ। ਗੁਰੂ ਕੋਈ ਮਾੜਾ ਮੋਟਾ ਜੋਧਾ ਨਹੀਂ ਉਸ ਨੇ ਪਹਿਲੋਂ ਹੀ ਤਕੜਾਈ ਕੀਤੀ ਹੋਈ ਹੋਵੇਗੀ। ਰਾਜ ਘਾਟ ਦੇ ਲਾਗੇ ਉਸ ਦਾ ਡੇਰਾ ਤੇ ਛਾਉਣੀ ਹੈ। ਜ਼ੋਰ ਨਾਲ ਤਾਂ ਉਸ ਨੇ ਬਿਨਾਂ ਕਰਾਰੇ ਜੁੱਧ ਤੋਂ ਲੰਘਣ ਨਹੀਂ ਦੇਣਾ। ਤੁਸੀਂ ਸਾਰੇ ਇੱਕ ਤੋਂ ਇੱਕ ਚੜ੍ਹਦੇ ਨੀਤੀਵੇਤਾ ਹੋ। ਕੋਈ ਐਸਾ ਛਲ-ਛਦਮ ਸੋਚੋ ਕਿ ਸੁਲ੍ਹਾ-ਸਫਾਈ ਨਾਲ ਰਸਤਾ ਮਿਲ ਜਾਏ। ਹੋਰ ਕੋਈ ਰਸਤਾ ਲਾਗੇ ਨਹੀਂ। ਦੂਸਰਾ



www.AKJ.Org

ਰਸਤਾ ਲਈਏ ਤਾਂ ਉਸ ਇੰਨਾਂ ਲੰਮਾ ਅਤੇ ਵਿੰਗ-ਫੇਰ ਵਾਲਾ ਤੇ ਕਠਿਨ ਹੈ ਕਿ ਅਸੀਂ ਸਾਰੇ ਤੇ ਕਿਸੇ ਤਰ੍ਹਾਂ ਵੀ ਪਹੁੰਚ ਨਹੀਂ ਸਕਦੇ। ਮੇਰੇ ਵਿਚਾਰ ਵਿਚ ਤਾਂ ਇਸ ਵੇਲੇ ਨਿਉਂ ਕੇ ਬੇਨਤੀ ਕਰ ਲੈਣਾ ਹੀ ਰਾਜਨੀਤੀ ਹੈ, ਜਿਸ ਤੋਂ ਉਹ ਸਮਝ ਲਵੇ ਕਿ ਅਸੀਂ ਉਸ ਦੇ ਸ਼ਰਧਾਲੂ ਬਣ ਗਏ ਹਾਂ। ਵਿਆਹ ਤੋਂ ਮਗਰੋਂ ਦੇਖ ਲਵਾਂਗੇ ਕਿ ਗੁਰੂ ਕਿੰਨੇ ਕੁ ਪਾਣੀ ਵਿਚ ਹੈ।'

"ਇਹ ਵਿਚਾਰ ਸੁਣ ਕੇ ਕੁਝ ਰਾਜਿਆਂ ਨੇ ਇਹ ਚਾਲ ਮੰਨ ਲਈ। ਭੀਮ ਚੰਦ ਨੇ ਆਪਣੇ ਚਤਰ ਵਜ਼ੀਰ ਨੂੰ ਸੱਦਿਆ ਤੇ ਆਦਰ ਨਾਲ ਬਿਠਾ ਕੇ ਸਮਝਾਇਆ। 'ਦੇਖੋ, ਪਰਧਾਨ ਜੀ, ਅਸੀਂ ਸਾਰੇ ਇਸ ਸਮੇਂ ਗੁਰੂ ਨਾਲ ਸੰਗ੍ਰਾਮ ਨਹੀਂ ਕਰਨਾ ਚਾਹੁੰਦੇ। ਸੱਚ ਝੂਠ ਬੋਲ ਕੇ ਤੁਸੀਂ ਗੁਰੂ ਨੂੰ ਕਿਸੇ ਨਾ ਕਿਸੇ ਤਰ੍ਹਾਂ ਰਿਝਾ ਲੈਣਾ ਤਾਂ ਜੁ ਉਹ ਸਾਨੂੰ ਰਾਹ ਦੇ ਦੇਵੇ। ਜੇ ਕੋਈ ਕੰਮ ਵਿਗੜਦਾ ਹੋਵੇ ਤਾਂ ਸਿਆਣੇ ਕਹਿੰਦੇ ਨੇ ਤੇ ਜੇ ਉਹ ਨੀਵੇਂ ਹੋ ਕੇ ਸਵਰਦਾ ਹੋਵੇ ਤਾਂ ਇਹ ਨੀਤੀ ਵਰਤ ਲੈਣੀ ਚਾਹੀਦੀ ਹੈ। ਨੀਤੀ ਦੀ ਸਾਧਨਾ ਲਈ ਛੋਟੇ ਬਣ ਜਾਣ ਨਾਲ ਕੋਈ ਸੱਚੀ-ਮੁਚੀ ਛੋਟਾ ਨਹੀਂ ਹੋ ਜਾਂਦਾ।

"ਜਦੋਂ ਭੀਮ ਚੰਦ ਨੇ ਇਹ ਗੱਲਾਂ ਕੀਤੀਆਂ ਤਾਂ ਰਹੀ ਚੰਦ ਹੰਡੂਰੀਏ, ਗੁਪਾਲ ਗੁਲੇਰੀਏ, ਤੇ ਮਧੁਕਰ ਸ਼ਾਹ ਦਦਵਾਲੀਏ ਨੇ ਇਹ ਗੱਲਾਂ ਨਾ ਸਾਹਾਰੀਆਂ, ਗੁਪਾਲ ਨੇ ਆਖਿਆ, "ਅਕਲ, ਬਲ ਤੇ ਫ਼ੌਜਾਂ ਦੀ ਕੋਈ ਘਾਟ ਨਹੀਂ ਸਾਡੇ ਪਾਸ। ਫੇਰ ਵੀ, ਰਾਜਾ ਜੀ, ਤੁਸੀਂ ਸਾਡੀ ਹੇਠੀ ਕਿਉਂ ਕਰਾਂਉਂਦੇ ਹੋ ? ਸੁਣੋ ! ਮੰਤਰੀ ਜੀ, ਤੁਸੀਂ ਜਾ ਕੇ ਗੁਰੂ ਨੂੰ ਰਾਜਿਆਂ ਦੀ ਸਾਰੀ ਸੈਨਾ ਦੀ ਗਿਣਤੀ ਤੇ ਬਲ ਦੱਸ ਕੇ ਕਹਿਣਾ ਕਿ ਉਹ ਰਾਹ ਛੱਡ ਕੇ ਇਕ ਪਾਸੇ ਹੋ ਜਾਵੇ। ਜੇ ਟਾਕਰਾ ਹੋ ਗਿਆ ਤਾਂ ਖ਼ਰਾਬੀ ਹੋਵੇ ਗੀ। ਉਹ ਨਾ ਹੋਵੇ ਕਿ ਤੁਹਾਡਾ ਡੇਰਾ ਲੁਟਿਆ ਜਾਵੇ । ਇਹ ਦੱਸਣ ਲਈ ਰਾਜਿਆਂ ਨੇ ਮੈਨੂੰ ਤੁਹਾਡੇ ਕੋਲ ਭੇਜਿਆ ਹੈ। ਹਰ ਤਰੀਕੇ ਨਾਲ ਗੁਰੂ ਤੇ ਆਪਣੀ ਤਾਕਤ ਦਾ ਸਿੱਕਾ ਬਿਠਾਓ ਅਤੇ ਉਸ ਨੂੰ ਭੈ-ਭੀਤ ਕਰ ਦਿਓ।'

"ਪਰ ਭੀਮ ਚੰਦ ਨੇ ਸਮਝਾਇਆ, 'ਮੰਤਰੀ ਜੀ, ਪਹਿਲੋਂ ਗੁਰੂ ਨਾਲ ਕੌੜਾ ਫਿਕਾ ਨਾ ਬੋਲਣਾ। ਜੇ ਉਹ ਸੁਲਹ-ਸਫ਼ਾਈ ਨਾਲ ਰਾਹ ਦੇ ਦੇਵੇ ਤਾਂ ਇਹਦੇ ਵਰਗੀ ਕੋਈ ਗੱਲ ਨਹੀਂ। ਜੇ ਉਹ ਨਾ ਮੰਨੇ ਤਾਂ ਇਹ ਗੱਲਾਂ ਕਹਿ ਦੇਣੀਆਂ। ਜਿਵੇਂ ਹੋ ਸਕੇ ਧੋਖੇ ਨਾਲ ਜਾਂ ਬਲ ਦਾ ਡਰਾਵਾ ਦੇ ਕੇ ਰਸਤਾ ਜ਼ਰੂਰ ਲੈ ਕੇ ਆਉਣਾ।

"ਵਜ਼ੀਰ ਨੇ ਆਪਣੇ ਰਾਜੇ ਦਾ ਦਿਲੀ ਮਤਲਬ ਸਮਝ ਲਿਆ ਸੀ ਕਿ ਜੰਗ ਤੱਕ ਨੌਬਤ ਨਹੀਂ ਆਣ ਦੇਣੀ। ਉਸ ਨੇ ਆਪਣੇ ਰਾਜੇ ਦੀ ਗੱਲ ਪੱਲੇ ਬੰਨ੍ਹੀ ਅਤੇ ਵੀਹ ਸਵਾਰ ਲੈ ਕੇ ਗੁਰੂ ਜੀ ਕੋਲ ਜਾਣ ਲਈ ਤਿਆਰ ਹੋ ਗਿਆ।

"ਉਧਰ ਗੁਰੂ ਜੀ ਨੂੰ ਰਾਜਿਆਂ ਦੇ ਦਲ ਬਲ ਨਾਲ ਜੰਜ ਲੈ ਕੇ ਆਉਣ ਦੀ ਖ਼ਬਰ ਪਹੁੰਚ ਚੁਕੀ ਸੀ। ਸ਼ਹਿਰ ਦੀ ਰੱਖਿਆ ਲਈ ਸ਼ਹਿਰ ਤੋਂ ਦੋ ਕੁ ਕੋਹ ਦੀ ਵਾਟ ਤੇ ਬੰਦੂਕਚੀਆਂ ਨੇ ਆਪਣੇ ਮੋਰਚੇ ਕਾਇਮ ਕਰ ਲਏ ਸਨ ਅਤੇ ਉਨ੍ਹਾਂ ਦੀ ਕੁਮਕ ਲਈ ਪੰਜ ਸੌ ਸ-ਸ਼ਸਤਰ ਸਵਾਰ ਪਿਛੇ ਤਿਆਰ ਬੈਠੇ ਸਨ। ਬਾਕੀਆਂ ਦੀ ਸਾਰੀ ਸੈਨਾ ਨੂੰ ਵੀ ਸਾਵਧਾਨ ਰਹਿਣ ਦੀ ਆਗਿਆ ਸੀ। ਸਤਿਗੁਰੂ ਜਾਣਦੇ ਸਨ ਕਿ ਜੰਜਾਂ ਦੇ ਬਹਾਨੇ ਅਚਾਨਕ ਹਮਲੇ ਹੋਇਆ ਕਰਦੇ ਹਨ ਅਤੇ ਸਤਿਗੁਰਾਂ ਨਾਲ ਭੀਮ ਚੰਦ ਦਾ ਵਿਗਾੜਾ ਪਹਿਲੋਂ ਹੈ ਈ ਸੀ।

"ਭੀਮ ਚੰਦ ਦਾ ਪਰਧਾਨ ਮੰਤਰੀ ਇਨ੍ਹਾਂ ਤਿਆਰੀਆਂ ਨੂੰ ਚੋਰ-ਅੱਖੀਂ ਦੇਖਦਾ ਪਾਉਂਟੇ ਵੱਲ ਜਾ ਰਿਹਾ ਸੀ। ਨਗਰ ਦੇ ਲਾਗੇ ਵੀ ਜੋਧਿਆਂ ਦੀਆਂ ਛਾਉਣੀਆਂ ਦੇਖੀਆਂ ਤੇ ਆਮ ਲੋਕਾਂ ਨੂੰ ਵੀ ਸ਼ਹਿਰ ਵਿਚ ਸ-ਸ਼ਸਤਰ ਦੇਖਿਆ। ਜਦ ਉਸ ਸਤਿਗੁਰੂ ਜੀ ਦੇ ਵੱਲ ਰੁਖ਼ ਕੀਤਾ ਤਾਂ ਗੁਰੂ ਜੀ ਦੇ ਘੋੜ-ਚੜ੍ਹਿਆਂ ਨੇ ਉਸ ਦੇ ਦਸਤੇ ਨੂੰ ਘੇਰ ਲਿਆ। ਵਜ਼ੀਰ ਨੇ ਦੱਸਿਆ ਕਿ ਰਾਜਿਆਂ ਨੇ ਨਿਮਰ-ਭਾਵ ਨਾਲ ਮੈਨੂੰ ਸਤਿਗੁਰਾਂ ਜੀ ਦੇ ਚਰਨਾਂ ਵਿਚ ਭੇਜਿਆ ਹੈ ਤੇ ਸਤਿਗੁਰੂ ਜੀ ਤਕ ਮੈਂ ਪਹੁੰਚਣਾ ਜ਼ਰੂਰ ਹੈ। ਸਵਾਰ ਉਨ੍ਹਾਂ ਨੂੰ ਘੇਰ ਕੇ ਦੁਆਰਪਾਲ ਤਕ ਲੈ ਗਏ। ਦੁਆਰਪਾਲ ਦੇ ਲਾਗੇ ਵੀ ਕਈ ਬਲੀ ਜੋਧੇ ਖੜੇ ਸਨ। ਦੁਆਰਪਾਲ ਨੇ ਇਕ ਸਿੱਖ ਨੂੰ ਸਤਿਗੁਰਾਂ ਵੱਲ ਭੇਜਿਆ, ਜਿਸ ਨੇ ਹੱਥ ਜੋੜ ਕੇ ਭੀਮ ਚੰਦ ਦੇ ਪਰਧਾਨ ਦੇ ਆਉਣ ਦੀ ਖ਼ਬਰ ਦਿੱਤੀ। ਗੁਰੂ ਮਹਾਰਾਜ ਨੇ ਉਸੇ ਵੇਲੇ ਆਗਿਆ ਕੀਤੀ ਕਿ ਉਸ ਨੂੰ ਆਦਰ ਸਹਿਤ ਦਰਬਾਰ ਵਿਚ ਹਾਜ਼ਰ ਕੀਤਾ ਜਾਵੇ। ਦੁਆਰਪਾਲ ਦਾ ਨਾਇਬ ਉਸੇ ਵੇਲੇ ਬਾਹਰ ਆਇਆ ਤੇ ਪਰਧਾਨ ਨੂੰ ਨਾਲ ਲਿਜਾ ਕੇ ਸਤਿਗੁਰਾਂ ਕੋਲ ਪਹੁੰਚਾ ਦਿੱਤਾ।

"ਦੀਵਾਨ ਸੱਜਿਆ ਹੋਇਆ ਸੀ, ਜਿਵੇਂ ਦੇਵਤਿਆਂ ਦਾ ਦਰਬਾਰ ਹੋਵੇ। ਸਤਿਗੁਰੂ ਇੰਦਰ ਦੇਵ ਵਾਂਗ ਸਿੰਘਾਸਨ ਤੇ ਬਿਰਾਜਮਾਨ ਸਨ। ਸਾਹਮਣੇ ਇਕ ਕਰੜੀ ਕਮਾਨ ਪਈ ਸੀ। ਸਤਿਗੁਰਾਂ ਦੇ ਹੱਥ ਵਿਚ ਸੋਨੇ ਦੇ ਸੰਮ ਵਾਲਾ ਇਕ ਤਿੱਖਾ ਤੀਰ ਸੀ, ਜਿਸ ਨੂੰ ਹੱਥ ਵਿਚ ਭੁਆਂ ਭੁਆਂ ਕੇ ਸਾਹਿਬ ਦੇਖ ਰਹੇ ਸਨ। (ਚਲਦਾ)



www.AKJ.Org

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

ਸ: ਮੋਹਨ ਸਿੰਘ ਕਨੇਡਾ ੫੦੧/– ਸ: ਮਨਮੋਹਨ ਸਿੰਘ ਯੂ ਕੇ ੧੫੦੦/–

ਸ: ਹਰਬੰਸ ਸਿੰਘ ਨਾਰੰਗਵਾਲ ਯੂ ਕੇ ੫੦੦੦/– ਸ: ਸੁਖਵੀਰ ਸਿੰਘ ਲੁਧਿਆਣਾ ੫੦੦/–

## ਰਿਸ਼ਤੇ ਨਾਤੇ

ਨੋਟ :– 1.ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਇਕ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-106 32 ਸਾਲਾ, 5' 3", M.A. B. Ed., ਕਾਨਵੈਂਟ ਸਕੂਲ ਵਿਚ ਹਿੰਦੀ ਟੀਚਰ ਦੀ ਨੌਕਰੀ ਕਰ ਰਹੀ ਬੀਬੀ ਵਾਸਤੇ ਨੌਕਰੀ ਜਾਂ ਬਿਜ਼ਨੈਸਮੈਨ ਗੁਰਸਿੱਖ ਲੜਕੇ ਦੀ ਲੋੜ ਹੈ।

LD-107 ਪਬਲਿਕ ਸਕੂਲ ਵਿਚ ਟੀਚਰ, ਕੱਦ 5'3" B.Sc. BEd. ਗੁਰਸਿੱਖ ਲੜਕੀ ਲਈ ਯੋਗ ਗੁਰਸਿੱਖ ਲੜਕੇ ਦੀ ਲੋੜ ਹੈ। ਪਿਤਾ ਕਲਾਸ 1 ਆਫ਼ੀਸਰ ਤੇ ਮਾਤਾ ਸਰਕਾਰੀ ਸਕੂਲ ਵਿਚ ਟੀਚਰ।

LD-108 Wanted a Suitable Matchfor my daughter age 31 years, Height 5'2" Canadran Citizen. The boy should be Amritdhary from Gursikh family preferably from North America. The boy should be in favour of Keski and Sarbloh Bibek. Please Send Boy's Biodat to.
S. Mohan Singh, 14, Culver Court, London-ONT. CaNADA N5V3E8

LD-109 20 ਸਾਲਾ, 5' 8" ਮਿਡਲ ਪਾਸ ਕਲਕੱਤਾ ਵਾਸੀ ਹਿੰਦੀ ਅੰਗ੍ਰੇਜ਼ੀ ਤੇ ਬੰਗਲਾ ਜਾਣਦੀ ਬੀਬੀ ਲਈ ਸਿੰਘ ਦੀ ਲੋੜ ਹੈ।

LD-110 23 ਸਾਲਾ ਕੱਦ 5'3" ਦਰਮਿਆਨੀ ਸਿਹਤ ਬੀ. ਏ. (ਆਨਰਜ਼ ਇੰਗਲਿਸ਼) ਪਾਸ ਕਾਨਵੈਂਟ ਸਕੂਲ ਪੜ੍ਹੀ ਹੋਈ ਕਲਾਸੀਕਲ ਕੀਰਤਨੀ, ਕੁਕਿੰਗ ਅਤੇ ਇੰਟੀਰੀਅਰ ਡੈਕੋਰੇਸ਼ਨ ਦੀ ਮਾਹਿਰ ਧਾਰਮਿਕ ਅਤੇ ਸੰਗੀਤ ਟੀਚਰ ਦੀ ਨੌਕਰੀ ਕਰ ਰਹੀ ਬੀਬੀ ਵਾਸਤੇ ਚੰਗੀ ਨੌਕਰੀ ਜਾਂ ਸਥਾਪਤ ਕਾਰੋਬਾਰ ਵਾਲੇ ਲੜਕੇ ਦੀ ਲੋੜ ਹੈ।

LD-111 21 ਸਾਲਾ, +1 ਪਾਸ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-112 22 ਸਾਲਾ, ਕੱਦ 5' 2", ਬੀ. ਏ. ਪਾਸ, ਕੀਰਤਨ ਅਤੇ ਪੇਂਟਿੰਗ ਜਾਣਦੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-113 21 ਸਾਲਾ ਕੱਦ 5'6", B. A. ਭਾਗ ਪਹਿਲਾ ਕਰਦੀ-ਕੀਰਤਨੀ ਜੰਮੂ ਕਸ਼ਮੀਰ ਦੀ ਵਾਸੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-114 25 ਸਾਲਾ, ਕੱਦ 5' 2", B.A. ਪਾਸ, B.Ed. ਕਰ ਰਹੀ, 6ਮਹੀਨੇ ਦਾ ਕੰਪਿਊਟਰ ਕੋਰਸ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-115 29 ਸਾਲਾ ਕੱਦ 5' 3", B. Sc. and Post Graduate Drpoma in Sales and Marketing, ਅੰਗਰੇਜ਼ੀ ਦਵਾਈਆਂ ਦਾ ਕਾਰੋਬਾਰ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ। D. Pharma ਪਾਸ ਨੂੰ ਪਹਿਲ।

LD-1[illegible] 27 ਸਾਲਾ, M. Sc. in AGriculture, Asstt. Professor ਦੀ ਸਰਵਿਸ ਕਰਦੇ 8000/– ਪ੍ਰਤੀ ਮਹੀਨਾ ਤਨਖਾਹ ਵਾਲੇ ਸਿੰਘ ਲਈ Foreign Settled or Immigrant ਜਾਂ ਬਰਾਬਰ ਦੀ ਨੌਕਰੀ ਕਰਦੀ ਲੜਕੀ ਦੀ ਲੋੜ ਹੈ।

LD-117 40 ਸਾਲਾ, ਅੰਡਰ ਮੈਟ੍ਰਿਕ ਕੀਰਤਨੀਆਂ ਦੁਕਾਨਦਾਰੀ ਕਰਦੇ ਮਾਸਕ ਆਮਦਨ 15000/– ਵਾਲੇ ਦੁਹਾਜੂ ਸਿੰਘ ਲਈ ਬਗੈਰ ਗੁਰਸਿੱਖ ਬੀਬੀ ਦੀ ਲੋੜ ਹੈ। ਕੋਈ ਬੰਧਨ ਨਹੀਂ।

LD-118 ਸਾਢੇ 25 ਸਾਲਾ, ਕੱਦ 5'10" B.S.F. ਵਿਚ ਅਸਿਸਟੈਂਟ ਕਮਾਂਡੈਂਟ ਕਲਾਸ ਵੰਨ ਗਜ਼ਟਿਡ ਆਫੀਸਰ ਸਿੰਘ ਲਈ ਯੋਗ ਵਰ ਦੀ ਲੋੜ ਹੈ। ਚੰਗੀ ਨੌਕਰੀ ਵਾਲੀ ਬੀਬੀ ਨੂੰ ਪਹਿਲ।

LD-119 26 ਸਾਲਾ, ਕੱਦ 5' 6", B.Sc.B.L ਪਾਸ ਦਵਾਈਆਂ ਵਾਲੀ ਕੰਪਨੀ ਵਿਚ ਫੀਲਡ ਅਫ਼ਸਰ 4000/– ਮਾਸਿਕ ਵਾਲੇ ਚੰਗੇ ਕੀਰਤਨੀਏ ਅਤੇ ਤਬਲਾ ਵਾਦਕ ਲਈ ਯੋਗ ਬੀਬੀ ਦੀ ਲੋੜ ਹੈ।

LD-120 22 ਸਾਲਾ ਕੱਦ 5' 3", +2 ਪਾਸ, ਆਈ. ਟੀ. ਆਈ. ਦਾ ਸਿਲਾਈ ਕਢਾਈ ਦਾ ਡਿਪਲੋਮਾ ਪਾਸ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

www.AKJ.Org

Regd. No./12245/66 SURA/APRIL/97 P.O. Regd. No. PB/LD/121/97

ਅੰਮ੍ਰਿਤਸਰ ਵਿਖੇ ਵੈਸਾਖੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

ਹਰ ਸਾਲ ਦੀ ਤਰ੍ਹਾਂ ਅੰਮ੍ਰਿਤਸਰ ਵਿਖੇ 11 ਤੋਂ 14 ਅਪ੍ਰੈਲ ਤੱਕ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਹੋ ਰਹੇ ਹਨ ਆਇ ਦੀਦਾਰ ਬਖਸ਼ੋ ਜੀ :-

11-4-97 ਅੰਮ੍ਰਿਤ ਵੇਲੇ ਤਿੰਨ ਪਹਿਰਾ ਅਤੇ ਸ੍ਰੀ ਆਸਾ ਦੀ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ।
ਸ਼ਾਮ 5.30 ਤੋਂ 8.30 ਸੋਦਰ ਉਪਰੰਤ ਕੀਰਤਨ ਗੁ: ਪਿਪਲੀ ਸਾਹਿਬ।

12-4-97 ਸਵੇਰੇ 7 ਤੋਂ 12 ਤੱਕ ਅਖੰਡ ਕੀਰਤਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ।
ਸ਼ਾਮ 5.30 ਤੋਂ 8.30 ਅਖੰਡ ਕੀਰਤਨ ਗੁ: ਰਾਮਸਰ ਸਾਹਿਬ ਵਿਖੇ।

13-4-97 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਿਹਰ ਤੱਕ ਅਤੇ ਅਨੰਦ ਕਾਰਜ (ਗੁ: ਸ਼ਹੀਦ ਗੰਜ ਬੀ. ਬਲਾਕ ਨੇੜੇ ਰੇਲਵੇ ਮਾਲ ਗੁਦਾਮ ਅੰਮ੍ਰਿਤਸਰ) ਵਿਖੇ
ਸ਼ਾਮ ਸੋਦਰ ਉਪ੍ਰੰਤ ਅਰੰਭ ਰੈਣਿ ਸਬਾਈ ਕੀਰਤਨ (ਦੀਵਾਨ ਹਾਲ ਮੰਜੀ ਸਾਹਿਬ,ਦਰਬਾਰ ਸਾਹਿਬ ਵਿਖੇ

ਅੰਮ੍ਰਿਤ ਸੰਚਾਰ:- 13-4-97 ਸ਼ਾਮ ਨੂੰ ਸ੍ਰੀ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿਖੇ ਅਰੰਭ ਹੋਣਗੇ

ਰਿਹਾਇਸ਼ ਤੇ ਲੰਗਰ :- ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਸ੍ਰੀ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਸਕੂਲ ਵਿਖੇ ਹੋਵੇਗਾ

ਦਾਸਰੇ :- ਅਖੰਡ ਕੀਰਤਨੀ ਜੱਥਾ ਅੰਮ੍ਰਿਤਸਰ

ਗੁ: ਨਾਨਕਸਰ (ਮਲੇਰਕੋਟਲਾ ਰੋਡ) ਧੂਰੀ ਵਿਖੇ ਰੈਣਿ ਸਬਾਈ ਕੀਰਤਨ 19 ਅਪ੍ਰੈਲ ਰਾਤ ਨੂੰ।

ਪਿੰਡ ਥਲੀ ਕਲਾਂ ਵਿਖੇ ਅਖੰਡ ਕੀਰਤਨ ਸਮਾਗਮ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਸਬੰਧੀ 26-4-97 ਸਵੇਰੇ ਭੋਗ ਸਹਿਜ ਪਾਠ ਉਪ੍ਰੰਤ ਅਖੰਡ ਕੀਰਤਨ ਦੁਪਿਹਰ ਤੱਕ ਰਾਤ ਨੂੰ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ

ਨੋਟ : ਸੰਗਤ ਨੂੰ ਲਿਜਾਣ ਲਈ 26 ਅਪ੍ਰੈਲ ਸਵੇਰੇ 10 ਵਜੇ ਟਰੱਕ ਗੁ: ਗੁਰੂ ਤੇਗ ਬਹਾਦਰ ਸਾਹਿਬ ਮੋਗਾ ਤੋਂ ਚਲਣਗੇ।

ਗੁ: ਸੰਤ ਭਾਈ ਸੁਹੇਲ ਸਿੰਘ ਨਵੀਂ ਬਸਤੀ ਗੋਨਿਆਨਾ ਮੰਡੀ ਵਿਖੇ ਰੈਣਿ ਸਬਾਈ ਕੀਰਤਨ 3 ਮਈ ਰਾਤ ਨੂੰ

ਤਰਨ ਤਾਰਨ ਵਿਖੇ ਰੈਣਿ ਸਬਾਈ ਕੀਰਤਨ

ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਸਬੰਧ ਵਿਚ ਰੈਣਿ ਸਬਾਈ ਕੀਰਤਨ ਕਥਾ ਅਸਥਾਨ ਦਰਬਾਰ ਸਾਹਿਬ ਤਰਨ ਤਾਰਨ ਵਿਖੇ 3 ਮਈ 1997 ਰਾਤ ਨੂੰ ਹੋਣਗੇ।

ਮਲੇਰਕੋਟਲਾ (ਸੰਗਰੂਰ) ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ ਸਮਾਗਮ

ਸ਼ਹੀਦ ਬੀਬੀ ਅਨੂਪ ਕੌਰ ਦੀ ਯਾਦ ਵਿਚ ਰੈਣਿ ਸਬਾਈ ਕੀਰਤਨ ਗੁ: ਹਾਅ ਦਾ ਨਾਹਰਾ ਮਲੇਰਕੋਟਲਾ (ਸੰਗਰੂਰ) ਵਿਖੇ 10 ਮਈ 1997 ਰਾਤ ਨੂੰ ਹੋਣਗੇ।

ਗੁ: ਮਾਡਲ ਹਾਊਸ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 17 ਮਈ ਰਾਤ ਨੂੰ ਹੋਣਗੇ।

ਭਾਈ ਸੂਰਤ ਸਿੰਘ ਜੀ (ਪੂਰਨ ਜੀ) ਦੇ ਬੱਚਿਆਂ ਦੀ ਯਾਦ ਵਿਚ ਬਰੇਲੀ ਵਿਖੇ ਅਖੰਡ ਕੀਰਤਨ ਸਮਾਗਮ।

24-4-97 ਸਵੇਰੇ 10 ਤੋਂ 12.30 ਗੁ: ਪੀਲੇ ਕਵਾਟਰ, ਸਰਦਾਨਾ ਕਲੋਨੀ ਵਿਖੇ।
ਸ਼ਾਮ 6.30 ਤੋਂ 9 ਸੋਦਰ ਅਤੇ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ।

25-4-97 ਸਵੇਰੇ 6 ਵਜੇ ਸ੍ਰੀ ਨਾਨਕਮਤਾ ਸਾਹਿਬ ਲਈ ਰਵਾਨਗੀ।
ਸ਼ਾਮ 6.30 ਤੋਂ 9 ਸੋਦਰ ਅਤੇ ਅਖੰਡ ਕੀਰਤਨ ਗੁ: ਸਿੰਘ ਸਭਾ, ਸੁਭਾਸ਼ ਨਗਰ।

26-4-97 ਸਵੇਰੇ 6 ਤੋਂ ਦੁਪਹਿਰ ਤੱਕ ਅਖੰਡ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਨਕਪੁਰੀ।
ਸ਼ਾਮ 7.30 ਸੋਦਰ ਉਪ੍ਰੰਤ ਅਰੰਭ ਰੈਣਿ ਸਬਾਈ ਕੀਰਤਨ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਵਿਖੇ

27-4-97 ਦੁਪਹਿਰ 12.30 ਤੋਂ 3 ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਗਮ ਪੁਰਬ ਦੇ ਮੁੱਖ ਦੀਵਾਨ ਵਿਚ ਗੁ: ਸ੍ਰੀ ਦੂਖ ਨਿਵਾਰਨ ਸਾਹਿਬ ਸੰਜਯ ਨਗਰ ਵਿਖੇ ਅਖੰਡ ਕੀਰਤਨ।

ਅੰਮ੍ਰਿਤ ਸੰਚਾਰ:- 26-4-97 ਸ਼ਾਮ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ।

ਰਿਹਾਇਸ਼ :- ਹਰਿਮੰਦਰ ਬਾਰਾਤ ਘਰ ਮਾਡਲ ਟਾਊਨ ।

ਪੁੱਛਗਿੱਛ:- Tel. 0581-455096, 455240, 479863

ਦਾਸਰੇ :- ਅਖੰਡ ਕੀਰਤਨੀ ਜੱਥਾ, ਬਰੇਲੀ

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA-141004

www.AKJ.Org